


ਸੱਚ ਤੇ ਨਿਡਰ ਆਵਾਜ਼ ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ


ਮੰਗਲਵਾਰ, 03 ਦਸੰਬਰ 2024
Email:- lokbani08@gmail.com




R. N. I. Punpun/29016/2008 * ਸਾਲ 16 , * ਅੰਕ : 171, * ਮੁੱਲ : 6 ਰੁਪਏ * ਕੁੱਲ ਪੇਜ: 10 * ਦਫਤਰ : 0181-2211009 * M : 99155-94111




## ਭਾਰਤੀ ਯਾਤਰੀਆਂ ਨੂੰ ਕੁਵੈਤ ਹਵਾਈ ਅੱਡੇ ਤੇ ਕਈ ਘੰਟੇ ਹੋਣਾ ਪਿਆ ਖਜਲ ਖੁਆਰ



**ਕੁਵੈਤ ਲੋਕ ਬਾਣੀ**- ਮੈਨਚੈਸਟਰ ਜਾਣ ਵਾਲੀ 'ਗਲਫ ਏਅਰ' ਦੀ ਉਡਾਣ ਦੇ ਕਈ ਭਾਰਤੀ ਮੁਸਾਫਰ ਕੁਵੈਤ ਹਵਾਈ ਅੱਡੇ 'ਤੇ ਤਕਰੀਬਨ 20 ਘੰਟੇ ਤੱਕ ਫਸੇ ਰਹਿਣ ਮਗਰੋਂ ਅੱਜ ਸਵੇਰੇ ਆਪਣੀ ਮੰਜ਼ਿਲ ਵੱਲ ਰਵਾਨਾ ਹੋਏ। ਬਹਿਰੀਨ ਤੋਂ ਮੈਨਚੈਸਟਰ ਜਾਣ ਵਾਲੀ ਉਡਾਣ ਨੂੰ ਤਕਨੀਕੀ ਖਰਾਬੀ ਕਾਰਨ ਕੁਵੈਤ ਮੋੜ ਦਿੱਤਾ ਗਿਆ ਸੀ। ਖ਼ਬਰ ਅਨੁਸਾਰ ਗਲਫ ਏਅਰ ਜੀਐੱਫ5 ਨੇ 1 ਦਸੰਬਰ ਨੂੰ ਸਥਾਨਕ ਸਮੇਂ ਅਨੁਸਾਰ ਦੇਰ ਰਾਤ 2:05 ਵਜੇ ਬਹਿਰੀਨ ਤੋਂ ਉਡਾਣ ਭਰੀ ਪਰ ਜਹਾਜ਼ 'ਚ ਕੁਝ ਤਕਨੀਕੀ ਖਰਾਬੀ ਆਉਣ ਕਾਰਨ ਉਸ ਨੂੰ ਸਵੇਰੇ 4.01 ਵਜੇ ਕੁਵੈਤ 'ਚ ਉਤਾਰਨਾ ਪਿਆ। ਸੋਸ਼ਲ ਮੀਡੀਆ 'ਤੇ ਪਾਈ ਗਈ ਇੱਕ ਪੋਸਟ ਅਨੁਸਾਰ ਕਈ ਯਾਤਰੀਆਂ ਨੇ ਸ਼ਿਕਾਇਤ ਕੀਤੀ ਕਿ ਉਹ ਘੰਟਿਆਂਬੱਧੀ ਹਵਾਈ ਅੱਡੇ ਉੱਤੇ ਫਸੇ ਰਹੇ

## ਆਈ.ਐਮ.ਡੀ ਵਲੋਂ ਵਾਇਨਾਡ ਚ ਰੈੱਡ ਅਲਰਟ ਜਾਰੀ



**ਵਾਇਨਾਡ ਲੋਕ ਬਾਣੀ** --ਵਾਇਨਾਡ ਵਿਚ ਆਈ.ਐਮ.ਡੀ. ਦੇ ਮੁੱਦੇ ਤੇ ਰੈੱਡ ਅਲਰਟ ਜਾਰੀ ਕੀਤਾ ਗਿਆ ਹੈ। ਵਾਇਨਾਡ ਦੀ ਡੀ.ਐਮ. ਮੇਘਾਸ਼੍ਰੀ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਬਹੁਤ ਸਰਗਰਮ ਹੈ ਅਤੇ ਅਸੀਂ ਕੱਲ੍ਹ ਇਕ ਜ਼ਿਲ੍ਹਾ ਆਫ਼ਤ ਪ੍ਰਬੰਧਨ ਅਥਾਰਟੀ ਦੀ ਮੀਟਿੰਗ ਕੀਤੀ ਸੀ। ਅਸੀਂ ਅੱਜ ਇਕ ਮੀਟਿੰਗ ਵੀ ਕੀਤੀ ਸੀ। ਸਾਰੇ ਫੀਲਡ ਸਟਾਫ ਸਰਗਰਮ ਹਨ ਅਤੇ ਉਹ ਫੀਲਡ ਵਿਚ ਹਨ। ਅਸੀਂ ਉਨ੍ਹਾਂ ਲੋਕਾਂ ਨੂੰ ਵੀ ਚਿਤਾਵਨੀ ਜਾਰੀ ਕੀਤੀ ਹੈ ਜੋ ਕਮਜ਼ੋਰ ਥਾਵਾਂ ਤੇ ਰਹਿ ਰਹੇ ਹਨ ਅਤੇ ਉਨ੍ਹਾਂ ਨੂੰ ਸੁਰੱਖਿਅਤ ਸਥਾਨਾਂ ਤੇ ਜਾਣ ਦੀ ਅਪੀਲ ਕੀਤੀ ਹੈ।

## ਮੁਵਾਸੀ ਇਲਾਕਿਆਂ ਚ ਇਜ਼ਰਾਈਲ ਨੇ ਕੈਂਪ ਨੂੰ ਬਣਾਇਆ ਨਿਸ਼ਾਨਾ



ਦੀਰ ਅਲ-ਬਲਾਹ, ਲੋਕ ਬਾਣੀ-ਗਾਜ਼ਾ ਪੱਟੀ 'ਤੇ ਇਜ਼ਰਾਈਲ ਵੱਲੋਂ ਕੀਤੇ ਗਏ ਹਮਲਿਆਂ 'ਚ ਦੋ ਬੱਚਿਆਂ ਸਮੇਤ ਛੇ ਵਿਅਕਤੀ ਹਲਾਕ ਹੋ ਗਏ। ਇਜ਼ਰਾਈਲ ਵੱਲੋਂ ਮੁਵਾਸੀ ਇਲਾਕੇ ਦੇ ਇਕ ਕੈਂਪ 'ਤੇ ਹਮਲਾ ਕੀਤਾ ਗਿਆ ਸੀ ਜਿਥੇ ਹਜ਼ਾਰਾਂ ਲੋਕਾਂ ਨੇ ਪਨਾਹ ਲਈ ਹੋਈ ਹੈ। ਮਿਸਰ ਨਾਲ ਲਗਦੇ ਸਰਹੱਦੀ ਸ਼ਹਿਰ ਰਾਫ਼ਾਹ 'ਤੇ ਇਕ ਹੋਰ ਹਮਲੇ 'ਚ ਚਾਰ ਵਿਅਕਤੀ ਮਾਰੇ ਗਏ। ਇਜ਼ਰਾਇਲੀ ਫੌਜ ਨੇ ਕਿਹਾ ਕਿ ਉਨ੍ਹਾਂ ਨੂੰ ਇਨ੍ਹਾਂ ਇਲਾਕਿਆਂ 'ਚ ਹਮਲਿਆਂ ਦੀ ਕੋਈ ਜਾਣਕਾਰੀ ਨਹੀਂ ਹੈ। ਇਜ਼ਰਾਈਲ ਨੇ ਕਿਹਾ ਕਿ ਉਹ ਆਮ ਨਾਗਰਿਕਾਂ ਨੂੰ ਬਚਾਉਣ ਦੀ ਕੋਸ਼ਿਸ਼ ਦੌਰਾਨ ਸਿਰਫ਼ ਦਹਿਸ਼ਤਗਰਦਾਂ ਨੂੰ ਨਿਸ਼ਾਨਾ ਬਣਾ ਰਹੇ ਹਨ।

## ਸੁਖਬੀਰ ਬਾਦਲ ਕਰਣਗੇ ਸੰਗਤਾਂ ਦੇ ਬਣੇ ਵਾਸ਼ਰੂਮ ਸਾਫ - ਗਿਆਨੀ ਰਘਬੀਰ ਸਿੰਘ




**ਅਮ੍ਰਿਤਸਰ, ਲੋਕ ਬਾਣੀ**- ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਸੰਬੋਧਨ ਕਰਦੇ ਹੋਏ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਆਪਣੇ ਗੁਨਾਹ ਕਬੂਲ ਕੀਤੇ ਹਨ। ਇਨ੍ਹਾਂ ਦੇ ਨਾਲ ਸੁਖਦੇਵ ਸਿੰਘ ਢੀਂਡਸਾ, ਸੁੱਚਾ ਸਿੰਘ ਲੰਗਾਹ ,ਹੀਰਾ ਸਿੰਘ ਗਾਬੜੀਆ, ਬਲਵਿੰਦਰ ਸਿੰਘ ਭੂੰਦੜ, ਦਲਜੀਤ ਸਿੰਘ ਚੀਮਾ, ਗੁਲਜ਼ਾਰ ਸਿੰਘ ਰਣੀਕੇ ਕੱਲ੍ਹ ਯਾਨੀ 3 ਦਸੰਬਰ ਤੋਂ ਸ੍ਰੀ ਦਰਬਾਰ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਜੀ ਦੇ ਪ੍ਰਬੰਧ ਅਧੀਨ ਸੰਗਤ ਲਈ ਬਣੇ ਵਾਸ਼ਰੂਮਾਂ ਦੀ 12 ਤੋਂ 1 ਵਜੇ ਤੱਕ ਸਫ਼ਾਈ ਕਰਨਗੇ

## ਦਿੱਲੀ ਤੇ ਨੋਇਡਾ ਚ ਕਿਸਾਨਾਂ ਦੇ ਪ੍ਰਦਰਸ਼ਨ ਕਾਰਨ ਲੱਗਾ ਵੱਡਾ ਜ਼ਾਮ



**ਚੰਡੀਗੜ੍ਹ, ਵਿਨੋਦ ਸ਼ਰਮਾ**-ਉਤਰ ਪ੍ਰਦੇਸ਼ ਦੇ ਕਿਸਾਨਾਂ ਵੱਲੋਂ ਕਿਸਾਨੀ ਮਸਲੇ ਹੱਲ ਨਾ ਹੋਣ 'ਤੇ ਅੱਜ ਕੌਮੀ ਰਾਜਧਾਨੀ ਵੱਲ ਰੋਸ ਮਾਰਚ ਕੀਤਾ ਗਿਆ। ਇਸ ਦੇ ਮੱਦੇਨਜ਼ਰ ਪੁਲੀਸ ਨੇ ਬੈਰੀਕੇਡਿੰਗ ਕੀਤੀ ਤੇ ਵੱਡੀ ਗਿਣਤੀ ਸੁਰੱਖਿਆ ਬਲ ਤਾਇਨਾਤ ਕੀਤੇ ਜਿਸ ਕਾਰਨ ਆਮ ਲੋਕਾਂ ਨੂੰ ਦਿੱਲੀ-ਨੋਇਡਾ ਸਰਹੱਦ 'ਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਇਸ ਦੌਰਾਨ ਕਿਸਾਨਾਂ ਦੀ ਪੁਲੀਸ ਨਾਲ ਧੱਕਾ ਮੁੱਕੀ ਵੀ ਹੋਈ ਪਰ ਪੁਲੀਸ ਨੇ ਉਨ੍ਹਾਂ ਨੂੰ ਅੱਗੇ ਨਾ ਜਾਣ ਦਿੱਤਾ। ਕਿਸਾਨਾਂ ਦਾ ਰੋਸ ਹੈ ਕਿ ਉਨ੍ਹਾਂ ਦੇ ਮਸਲੇ ਲੰਮੇ ਸਮੇਂ ਤੋਂ ਹੱਲ ਨਹੀਂ ਹੋ ਰਹੇ ਜਿਸ ਕਾਰਨ ਕਿਸਾਨ ਆਰਥਿਕ ਸੰਕਟ ਵਿਚੋਂ ਲੰਘ ਰਹੇ ਹਨ।

## ਦੇਸ਼ ਦੀ ਰਾਜਧਾਨੀ ਚ ਪਾਬੰਦੀਆਂ ਤੇ ਢਿੱਲ ਦੇਣ ਤੋਂ ਸੁਪਰੀਮ ਕੋਰਟ ਨੇ ਕੀਤਾ ਇਨਕਾਰ



ਜਲੰਧਰ, ਲੋਕ ਬਾਣੀ-ਸੁਪਰੀਮ ਕੋਰਟ ਨੇ ਕੌਮੀ ਰਾਜਧਾਨੀ ਵਿਚ ਹਵਾ ਪ੍ਰਦੂਸ਼ਣ ਨਾਲ ਨਜਿੱਠਣ ਲਈ ਗ੍ਰੇਡਿਡ ਰਿਸਪਾਂਸ ਐਕਸ਼ਨ ਪਲਾਨ (ਜੀਆਰਏਪੀ) ਦੇ ਚੌਥੇ ਪੜਾਅ ਤਹਿਤ ਲਾਈਆਂ ਪਾਬੰਦੀਆਂ ਵਿਚ ਢਿੱਲ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਜਦੋਂ ਤੱਕ ਏਕਿਊਆਈ ਦਾ ਪੱਧਰ ਹੇਠਾਂ ਨਹੀਂ ਡਿੱਗਦਾ ਤਕ ਤਕ ਪਾਬੰਦੀਆਂ ਜਾਰੀ ਰਹਿਣਗੀਆਂ। ਜਸਟਿਸ ਅਭੈ ਐਸ ਓਕਾ ਅਤੇ ਆਗਸਟੀਨ ਜਾਰਜ ਮਸੀਹ ਨੇ ਐਨਸੀਆਰ ਰਾਜਾਂ ਦੇ ਮੁੱਖ ਸਕੱਤਰਾਂ ਨੂੰ 5 ਦਸੰਬਰ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋਣ ਲਈ ਕਹਿੰਦਿਆਂ ਇਹ ਦੱਸਣ ਲਈ ਕਿਹਾ ਕਿ ਪਾਬੰਦੀਆਂ ਕਾਰਨ ਉਸਾਰੀ ਕਾਰਜ ਬੰਦ ਹੈ

## ਸੁਪਰੀਮ ਕੋਰਟ ਦਾ ਆਦੇਸ਼ ਡੱਲੇਵਾਲ ਸ਼ਾਂਤਮਈ ਪ੍ਰਦਰਸ਼ਨ ਕਰ ਸਕਦੇ ਹਨ ਪਰ ਪੰਜਾਬ ਵਿੱਚ ਕਿਸਾਨ ਸੜਕਾਂ ਨਾ ਰੋਕਣ



**ਦਿੱਲੀ, ਲੋਕ ਬਾਣੀ**-ਸੁਪਰੀਮ ਕੋਰਟ ਨੇ ਕਿਸਾਨਾਂ ਦੀ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਸਣੇ ਹੋਰਨਾਂ ਮੰਗਾਂ ਨੂੰ ਲੈ ਕੇ ਖਨੌਰੀ ਸਰਹੱਦੀ ਪੁਆਇੰਟ 'ਤੇ ਮਰਨ ਵਰਤ ਉੱਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਅੱਜ ਕਿਹਾ ਕਿ ਉਹ ਉਹ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਹਾਈਵੇ ਨਾ ਰੋਕਣ ਲਈ ਮਨਾਉਣ ਅਤੇ ਇਸ ਨਾਲ ਆਮ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਖੱਜਲ ਖੁਆਰੀ ਨਾ ਹੋਵੇ। ਜਸਟਿਸ ਸੂਰਿਆ ਕਾਂਤ ਤੇ ਜਸਟਿਸ ਉੱਜਲ ਭੂਈਆਂ ਦੇ ਬੈਂਚ ਨੇ ਡੱਲੇਵਾਲ ਵੱਲੋਂ ਦਾਇਰ ਹੈਬੀਅਸ ਕੋਰਪਸ ਪਟੀਸ਼ਨ ਰੱਦ ਕਰ ਦਿੱਤੀ। ਚੇਤੇ ਰਹੇ ਕਿ ਡੱਲੇਵਾਲ ਨੂੰ 26 ਨਵੰਬਰ ਨੂੰ ਪੰਜਾਬ ਹਰਿਆਣਾ ਸਰਹੱਦ ਉੱਤੇ ਖਨੌਰੀ ਵਿਚ ਪ੍ਰਦਰਸ਼ਨ ਵਾਲੀ ਥਾਂ ਮਰਨ ਵਰਤ ਉੱਤੇ ਬੈਠਣ ਤੋਂ ਪਹਿਲਾਂ ਪੁਲੀਸ ਨੇ ਉਥੋਂ ਚੁੱਕ

## ਤਾਮਿਲਨਾਡੂ ਵਿਚ ਹੜ ਕਾਰਨ ਸਕੂਲ ਕਾਲਜ ਕਿਤੇ ਗਏ ਬੰਦ



**ਤਾਮਿਲਨਾਡੂ, ਲੋਕ ਬਾਣੀ** -ਜ਼ਿਲ੍ਹੇ ਵਿਚ ਹੜ੍ਹਾਂ ਤੋਂ ਬਾਅਦ ਕੁੱਡਲੋਰ ਜ਼ਿਲ੍ਹੇ ਵਿਚ ਸਕੂਲਾਂ ਅਤੇ ਕਾਲਜਾਂ ਵਿਚ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਕੁੱਡਲੋਰ ਜ਼ਿਲ੍ਹਾ ਕੁਲੈਕਟਰ ਨੇ ਇਸ ਸੰਬੰਧੀ ਜਾਣਕਾਰੀ ਦਿੱਤੀ। ਤਾਮਿਲਨਾਡੂ ਅਜੇ ਤੱਕ ਚੱਕਰਵਾਤੀ ਤੂਫਾਨ ਮਿਚੌਂਗ ਦੇ ਪ੍ਰਭਾਵਾਂ ਤੋਂ ਉਭਰ ਨਹੀਂ ਸਕਿਆ ਹੈ। ਇਸ ਦੌਰਾਨ ਸੂਬੇ 'ਚ ਇਕ ਵਾਰ ਫਿਰ ਤੋਂ ਭਾਰੀ ਮੀਂਹ ਦਾ ਅਲਰਟ ਜਾਰੀ ਕੀਤਾ ਗਿਆ ਹੈ। ਇੱਥੇ ਐਤਵਾਰ ਦੇਰ ਰਾਤ ਤੋਂ ਸੋਮਵਾਰ ਤੜਕੇ ਤੱਕ ਪਏ ਮੀਂਹ ਨੇ ਕਈ ਇਲਾਕਿਆਂ ਵਿੱਚ ਹੜ੍ਹ ਦੀ ਸਥਿਤੀ ਪੈਦਾ ਕਰ ਦਿੱਤੀ ਹੈ। ਖਾਸ ਕਰਕੇ ਥੂਥੁਕੁੜੀ ਵਿੱਚ ਸੜਕਾਂ ਅਤੇ ਇੱਥੋਂ ਤੱਕ ਕਿ ਲੋਕਾਂ ਦੇ ਘਰ ਵੀ ਪਾਣੀ ਨਾਲ ਭਰੇ ਹੋਏ ਦੇਖੇ ਗਏ।




ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜ਼ਿਲੇ ਤੋਂ ਰੋਜ਼ਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਂਕ ਜਲੰਧਰ 9915594111

# ਬਾਦਲ ਤੋਂ ਫ਼ਖ਼ਰ -ਏ -ਕੌਮ ਖਿਤਾਬ ਵਾਪਿਸ ਲੈਣ ਦਾ ਫੈਸਲਾ - ਸੁਖਬੀਰ ਬਾਦਲ ਤੇ ਹੋਰਾਂ ਨੂੰ ਟੋਇਲਟਾਂ ਸਾਫ ਕਰਨ ਦੀ ਸ੍ਰੀ ਅਕਾਲ..

ਸ੍ਰੀ ਅੰਮ੍ਰਿਤਸਰ ਸਾਹਿਬ:-(ਲੋਕ ਬਾਣੀ) ਸ੍ਰੀ ਅਕਾਲ ਤਖਤ ਸਾਹਿਬ ਦੇ ਪੰਜ ਸਿੰਘ ਸਾਹਿਬਾਨਾਂ ਨੇ ਅੱਜ ਤਰਕ ਦੇ ਅਧਾਰ ਤੇ ਦਲੀਲਾਂ ਸੁਣਾ ਕੇ ਦਿੱਤੇ ਗਏ ਫੈਸਲੇ ਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਆਗੂ ਸੁਖਦੇਵ ਸਿੰਘ ਢੀਡਸਾ, ਬਿਕਰਮ ਸਿੰਘ ਮਜੀਠੀਆ ,ਪ੍ਰੇਮ ਸਿੰਘ ਚੰਦੂ ਮਾਜਰਾ, ਬੀਬੀ ਜਗੀਰ ਕੌਰ , ਦਲਜੀਤ ਸਿੰਘ ਚੀਮਾ ਆਦਿ ਨੂੰ ਕੱਲ ਤਿੰਨ ਦਸੰਬਰ ਨੂੰ 12 ਤੋਂ 1 ਵਜੇ ਤੱਕ ਬਾਥਰੂਮ ਸਾਫ ਕਰਨ , ਭਾਂਡੇ ਸਾਫ ਕਰਨ ਦੀ, ਜੁੱਤੀਆਂ ਸਾਫ ਕਰਨ ਦੀ ਤਨਖਾਹ ਸੁਣਾਈ ਗਈ। ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘੂਵੀਰ ਸਿੰਘ ਦੀ ਅਗਵਾਈ ਵਿੱਚ ਹੋਈ ਸਿੰਘ ਸਾਹਿਬਾਨਾਂ ਦੀ ਇਕੱਤਰਤਾ ਦੌਰਾਂਨ ਇਹ ਵਿਚਾਰਿਆ ਗਿਆ ਕਿ ਪੰਥਕ ਸਰਕਾਰ ਹੁੰਦਿਆਂ ਬਰਗਾੜੀ ਘਟਨਾਵਾਂ ਨਾਲ ਜੁੜੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਹੀ ਨਹੀਂ ਹੋਈਆਂ ਸਗੋਂ ਸਿੱਖਾਂ ਤੇ ਹਮਲੇ ਹੋਏ ਇੱਥੋਂ ਤਕ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰਾਂ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਤੇ ਬੁਲਾ ਕੇ ਡੇਰਾ ਸੌਦਾ ਸਾਧ ਨੂੰ ਮੁਆਫੀ ਦਬਾਉਣ ਦੇ ਹੁਕਮ ਕਰਵਾਉਣੇ ਅਤੇ ਸ਼੍ਰੋਮਣੀ ਕਮੇਟੀ ਦੇ ਖਰਚੇ ਤੇ ਡੇਰਾ ਸੌਦਾ ਦੀ ਮੁਆਫੀ ਦੇ ਹੱਕ ਵਿੱਚ ਅਖਬਾਰਾਂ ਵਿੱਚ ਇਸ਼ਤਿਹਾਰ ਲਗਵਾਉਣਾ , ਅਕਾਲੀ ਸਰਕਾਰ ਵਿੱਚ ਸਿੱਖ ਨੌਜਵਾਨੀ ਦਾ ਘਾਣ ਕਰਨ ਵਾਲੇ ਪੁਲਿਸ ਅਫਸਰਾਂ ਨੂੰ



ਵੱਡੇ ਅਹੁਦਿਆਂ ਤੇ ਲਾਉਣਾ ਤੇ ਉਹਨਾਂ ਦੇ ਪਰਿਵਾਰਾਂ ਨੂੰ ਅਕਾਲੀ ਦਲ ਤੋਂ ਵਿਧਾਇਕ ਦੀਆਂ ਟਿਕਟਾਂ ਦੇਣੀਆਂ ਆਦਿ ਗੰਭੀਰ ਨੋਟਿਸ ਲੈਂਦਿਆਂ ਇਹ ਫੈਸਲੇ ਲਏ ਗਏ । ਇਸ ਮੌਕੇ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਉਸ ਸਮੇਂ ਦਿੱਤਾ ਗਿਆ ਸ੍ਰੀ ਅਕਾਲ ਤਖਤ ਸਾਹਿਬ ਤੋਂ ਫ਼ਖ਼ਰ-ਏ ਕੌਮ ਦਾ ਖਿਤਾਬ ਵੀ ਵਾਪਸ ਲੈਣ ਦੇ ਹੁਕਮ ਜਾਰੀ ਕੀਤੇ ਗਏ । ਸਿੰਘ ਸਾਹਿਬਾਨਾਂ ਨੇ ਇਸ ਸਮੇਂ ਜਿੱਥੇ ਉਸ ਸਮੇਂ ਡੇਰਾ ਸੌਦਾ ਸਾਧ ਨੂੰ ਮੁਆਫੀ ਦੇਣ ਤੇ ਉਸ ਦੀ ਸਪੋਰਟ ਵਜੋਂ ਖਬਰਾਂ ਲਵਾਈਆਂ ਗਈਆਂ ਉਹਨਾਂ ਅਕਾਲੀ ਵਰਕਰਾਂ ਨੂੰ ਇਕ ਲੱਖ ਤੋਂ ਵੱਧ ਬੂਟੇ ਲਾਉਣ ਦੇ ਹੁਕਮ ਦਿੱਤੇ ਅਤੇ ਸ਼੍ਰੋਮਣੀ ਕਮੇਟੀ ਦੇ ਖਰਚੇ ਚੋਂ ਡੇਰਾ ਸੌਦਾ ਸਾਧ ਦੀ ਮਾਫੀ ਲਈ ਲਗਾਏ ਗਏ ਇਸ਼ਤਿਹਾਰਾਂ ਦੀ ਪੂਰਤੀ ਦਾ ਪੈਸਾ ਬਿਆਜ ਸਮੇਤ ਸੁਖਬੀਰ ਸਿੰਘ ਬਾਦਲ, ਸੁਖਦੇਵ ਸਿੰਘ ਢੀਡਸਾ ਹੋਰਾਂ ਨੂੰ ਸ਼੍ਰੋਮਣੀ ਕਮੇਟੀ ਦੇ ਖਜ਼ਾਨੇ ਵਿੱਚ ਜਮਾਂ ਕਰਵਾਉਣ ਦੇ ਹੁਕਮ ਕੀਤੇ । ਇਸ ਸਮੇਂ ਸੁਖਬੀਰ ਸਿੰਘ ਬਾਦਲ ਦੇ ਹੱਕ ਵਿੱਚ ਪਿਛਲੇ ਦਿਨਾਂ ਦੌਰਾਨ ਬਿਆਨ ਦੇਣ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰਾਂ ਦੇ ਵਿਰੁੱਧ ਬੋਲਣ ਵਾਲੇ ਦਿੱਲੀ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ।

ਇਸ ਮੌਕੇ ਸਿੰਘ ਸਾਹਿਬਾਨਾਂ ਨੇ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸਾਰੇ ਮੱਤਭੇਦ ਭੁਲਾ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਤਕੜਾ ਕਰੋ ਉਹਨਾਂ ਨੇ ਵਰਕਿੰਗ ਕਮੇਟੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਤੇ ਹੋਰ ਅਹੁਦੇਦਾਰਾਂ ਨੂੰ ਹੁਕਮ ਕੀਤਾ ਕਿ ਉਹ ਤੁਰੰਤ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਪਾਸ ਅਸਤੀਫੇ ਦੇਣ । ਛੇ ਮਹੀਨਿਆਂ ਚ ਨਵੇਂ ਡੈਲੀਗੇਟ ਚੁਣ ਕੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਲਈ ਵਿਧਾਨ ਸਭਾ ਚੋਣ ਵਾਸਤੇ ਤਿਆਰੀ ਕਰਨ ! ਇਸ ਮੌਕੇ ਨਵੀਂ ਭਰਤੀ ਲਈ ਪੰਜ ਮੈਂਬਰੀ ਕਮੇਟੀ ਦਾ ਐਲਾਨ ਕੀਤਾ ਗਿਆ ਜਿਸ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਇਕਬਾਲ ਸਿੰਘ ਝੂੰਦਾ, ਗੁਰ ਪ੍ਰਤਾਪ ਸਿੰਘ ਵਡਾਲਾ, ਮਨਪ੍ਰੀਤ ਇਆਲੀ, ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ ਦੀ ਕਮੇਟੀ ਬਣਾਈ ।

# ਸ਼ੋਅ ਤੋਂ ਪਹਿਲਾਂ ਪੰਜਾਬੀ ਗਾਇਕ ਕਰਨ ਔਜਲਾ ਦੀਆਂ ਵਧੀਆਂ ਮੁਸ਼ਕਿਲਾਂ, ਇਨ੍ਹਾਂ ਗੀਤਾਂ ਨੂੰ ਗਾਉਣ 'ਤੇ ਲੱਗੀ ਰੋਕ



(ਲੋਕ ਬਾਣੀ) 7 ਦਸੰਬਰ ਨੂੰ ਚੰਡੀਗੜ੍ਹ ਵਿੱਚ ਹੋਣ ਵਾਲੇ ਪੰਜਾਬੀ ਗਾਇਕ ਕਰਨ ਔਜਲਾ ਦੇ ਸ਼ੋਅ ਤੋਂ ਪਹਿਲਾਂ ਉਨ੍ਹਾਂ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ। ਦਰਅਸਲ ਇਹ ਮਾਮਲਾ ਚੰਡੀਗੜ੍ਹ ਪੁਲਿਸ ਕੋਲ ਪਹੁੰਚ ਗਿਆ ਹੈ। ਜੀ ਹਾਂ ਕਰਨ ਔਜਲਾ ਦੇ ਖਿਲਾਫ ਸ਼ਿਕਾਇਤ ਦਰਜ ਕੀਤੀ ਗਈ ਹੈ।

ਮਿਲੀ ਜਾਣਕਾਰੀ ਮੁਤਾਬਿਕ ਪ੍ਰੋਫੈਸਰ ਪੰਡਿਤਰਾਓ ਧਰਨੇਵਰ ਨੇ ਕਰਨ ਔਜਲਾ ਖਿਲਾਫ ਪੁਲਿਸ ਨੂੰ ਆਨਲਾਈਨ ਸ਼ਿਕਾਇਤ ਦਿੱਤੀ ਹੈ। ਉਨ੍ਹਾਂ ਇਲਜ਼□ਮ ਲਾਇਆ ਕਿ ਕਰਨ ਔਜਲਾ ਦੇ ਗੀਤ ਸ਼ਰਾਬ, ਨਸ਼ੇ ਅਤੇ ਹਿੰਸਾ ਨੂੰ ਉਤਸ਼ਾਹਿਤ ਕਰਦੇ ਹਨ। ਜਿਸ ਕਾਰਨ ਉਨ੍ਹਾਂ ਨੇ ਇਹ ਮੰਗ ਕੀਤੀ ਹੈ ਕਿ ਕਰਨ ਔਜਲਾ ਆਪਣੇ ਸ਼ੋਅ ਦੌਰਾਨ ਕੁਝ ਚੁਨਿੰਦਾ ਗਾਣੇ ਨਾ ਗਾਉਣ।

ਉਨ੍ਹਾਂ ਮੰਗ ਕੀਤੀ ਹੈ ਕਿ ਉਹ ਸ਼ੋਅ ਦੌਰਾਨ ਚਿੱਟਾ ਕੁਰਤਾ, ਅਧੀਆ, ਫਿਉ ਡੇਜ਼, ਐਲਕੋਹਲ 2, ਗੈਂਗਸਟਾ ਅਤੇ ਬੰਦੂਕ ਵਰਗੇ ਗੀਤ ਨਾ ਗਾਉਣ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਜੇਕਰ ਕਰਨ ਔਜਲਾ ਨੇ ਸਟੇਜ ਤੇ ਇਹ ਗੀਤ ਗਾਇਆ ਤਾਂ ਉਹ ਐਸਐਸਪੀ ਅਤੇ ਡੀਜੀਪੀ ਚੰਡੀਗੜ੍ਹ ਖ਼ਿਲਾਫ਼ ਅਦਾਲਤ ਦੀ ਮਾਣਹਾਨੀ ਦਾ ਕੇਸ ਦਰਜ ਕਰਵਾਉਣਗੇ।

# PM ਮੋਦੀ ਦੇ ਦੌਰੇ ਨੂੰ ਲੈ ਕੇ ਪੰਜਾਬ ਪੁਲਿਸ ਅਲਰਟ ADGP ਮੋਹਿਨੀਸ਼ ਚਾਵਲਾ ਨੇ ਮੋਹਾਲੀ ਚ ਕੀਤੀ ਮੀਟਿੰਗ

ਚੰਡੀਗੜ੍ਹ (ਲੋਕ ਬਾਣੀ)- ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਕੱਲ੍ਹ ਯਾਨੀ ਕਿ 3 ਦਸੰਬਰ ਚੰਡੀਗੜ੍ਹ ਦੌਰੇ ਤੇ ਆ ਰਹੇ ਹਨ ਅਤੇ ਅੱਜ ਸ਼ਾਮ ਨੂੰ ਚੰਡੀਗੜ੍ਹ ਚ ਦੌਰੇ ਨੂੰ ਲੈ ਕੇ ਪੰਜਾਬ ਪੁਲਿਸ ਨੇ ਚੰਡੀਗੜ੍ਹ ਵਿੱਚ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਕਦਮ ਚੁੱਕੇ ਹਨ। ਇਸ ਸੰਦਰਭ ਵਿੱਚ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਐਸ.ਸੀ.ਆਰ.ਬੀ.) ਮੋਹੀਨੇਸ਼ ਚਾਵਲਾ, ਆਈ.ਪੀ.ਐਸ ਨੇ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ, ਰੋਪੜ ਰੇਂਜ, ਐਸ.ਐਸ.ਪੀ ਮੋਹਾਲੀ, ਜ਼ਿਲ੍ਹਾ ਕ੍ਰਾਈਮ ਰਿਕਾਰਡ ਬਿਊਰੋ ਅਤੇ ਕਮਾਂਡੈਂਟ ਨਾਲ ਮੀਟਿੰਗ ਕੀਤੀ। ਮੀਟਿੰਗ ਵਿੱਚ ਵੀ.ਵੀ.ਆਈ.ਪੀ ਡਿਊਟੀ ਦੀ ਸੁਰੱਖਿਆ ਅਤੇ ਸੰਚਾਲਨ ਸਬੰਧੀ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ।



ਚੰਡੀਗੜ੍ਹ ਪੁਲੀਸ, ਮੁਹਾਲੀ ਪੁਲੀਸ ਅਤੇ ਪੰਚਕੂਲਾ ਪੁਲੀਸ ਦੇ ਸੀਨੀਅਰ ਅਧਿਕਾਰੀ ਖ਼ੁਦ ਇਸ ਅਹਿਮ ਸੁਰੱਖਿਆ ਮਿਸ਼ਨ 'ਤੇ ਨਜ਼ਰ ਰੱਖ ਰਹੇ ਹਨ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਸੁਰੱਖਿਆ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਨਾ ਵਰਤੀ ਜਾਵੇ ਅਤੇ ਸੁਰੱਖਿਆ ਦੇ ਹਰ ਪ੍ਰਬੰਧ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ। ਇਸ ਤੋਂ ਇਲਾਵਾ ਟਰੈਫਿਕ ਪ੍ਰਬੰਧਾਂ ਸਬੰਧੀ ਵੀ ਸਪੱਸ਼ਟ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ।ਸਾਰੇ ਪੁਲਿਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਵੀ.ਵੀ.ਆਈ.ਪੀ ਦੇ ਦੌਰੇ ਦੌਰਾਨ ਸੜਕਾਂ ਤੇ ਕਿਸੇ ਕਿਸਮ ਦੀ ਅਸੁਵਿਧਾ ਨਾ ਹੋਵੇ ਅਤੇ ਹਰ ਵਾਹਨ ਦੀ ਸਖ਼ਤੀ ਨਾਲ ਚੈਕਿੰਗ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਸਥਾਨਕ ਪੁਲਿਸ ਵਿਭਾਗ ਦੇ ਅਧਿਕਾਰੀਆਂ ਲਈ ਵਿਸ਼ੇਸ਼ ਸਿਖਲਾਈ ਅਤੇ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ ਗਏ ਹਨ, ਤਾਂ ਜੋ ਸੁਰੱਖਿਆ ਅਤੇ ਆਵਾਜਾਈ ਵਿਵਸਥਾ ਸੁਚਾਰੂ ਢੰਗ ਨਾਲ ਚੱਲ ਸਕੇ। ਵੀ.ਵੀ.ਆਈ.ਪੀ ਦੇ ਦੌਰੇ ਨੂੰ ਲੈ ਕੇ ਸੁਰੱਖਿਆ ਪ੍ਰਬੰਧਾਂ ਲਈ ਪੁਲਿਸ ਨੇ ਪੂਰੀਆਂ ਤਿਆਰੀਆਂ ਕਰ ਲਈਆਂ ਹਨ।

# ਯੁਵਕ ਮੇਲੇ ਚ ਮੁਕਾਬਲੇ ਦੌਰਾਨ ਅੰਮ੍ਰਿਤਸਰ ਤੇ ਚੰਡੀਗੜ੍ਹ ਦੀਆਂ ਟੀਮਾਂ ਵਿਚਾਲੇ ਝੜਪ



ਚੰਡੀਗੜ੍ਹ (ਲੋਕ ਬਾਣੀ)-ਲੁਧਿਆਣਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਚੱਲ ਰਹੇ ਯੁਵਕ ਮੇਲੇ ਦੌਰਾਨ ਐਤਵਾਰ ਦੇਰ ਰਾਤ ਨੂੰ ਓਪਨ ਏਅਰ ਥੀਏਟਰ ਸਟੇਜ ਉਪਰ ਹੀ ਦੋ ਟੀਮਾਂ ਵਿਚਾਲੇ ਜ਼ਬਰਦਸਤ ਝੜਪ ਹੋ ਗਈ ਅਤੇ ਮੌਜੂਦ ਲੋਕ ਇਧਰ-ਉਧਰ ਭੱਜਣ ਲੱਗੇ। ਦਰਅਸਲ ਵਿੱਚ ਚੰਡੀਗੜ੍ਹ ਦੀ ਟੀਮ ਵਨ ਐਕਟ ਪੈਨ ਵਿੱਚ ਪ੍ਰਦਰਸ਼ਨ ਕਰ ਰਹੀ ਸੀ। ਇਸ ਤੋਂ ਬਾਅਦ ਜੱਜਾਂ ਨੇ ਚੰਡੀਗੜ੍ਹ ਟੀਮ ਦੇ ਹੱਕ ਵਿੱਚ ਫ਼ੈਸਲਾ ਦਿੱਤਾ। ਜੱਜਾਂ ਦੇ ਫੈਸਲੇ ਤੋਂ ਅੰਮ੍ਰਿਤਸਰ ਦੀ ਟੀਮ ਨਾਰਾਜ਼ ਹੋ ਗਈ। ਉਸ ਨੇ ਪਹਿਲਾਂ ਤਿੰਨ ਜੱਜਾਂ ਨਾਲ ਬਹਿਸ ਕੀਤੀ ਅਤੇ ਫਿਰ ਸਟੇਜ ਤੇ ਮੌਜੂਦ ਚੰਡੀਗੜ੍ਹ ਟੀਮ ਦੇ ਮੈਂਬਰਾਂ ਤੇ ਹਮਲਾ ਕਰ ਦਿੱਤਾ। ਪਹਿਲਾਂ ਯੁਵਕ ਮੇਲੇ ਚ ਜਦੋਂ ਜੱਜਾਂ ਨੇ ਚੰਡੀਗੜ੍ਹ ਟੀਮ ਦੇ ਹੱਕ ਚ ਫੈਸਲਾ ਦਿੱਤਾ ਤਾਂ ਅੰਮ੍ਰਿਤਸਰ ਦੀ ਟੀਮ ਭੜਕ ਗਈ। ਜੱਜਾਂ ਨਾਲ ਬਦਸਲੂਕੀ ਕਰਨ ਤੋਂ ਬਾਅਦ ਹੰਗਾਮਾ ਮਚਾ ਦਿੱਤਾ। ਉਨ੍ਹਾਂ ਵਿਚਾਲੇ ਗੱਲ ਹੱਥੋਪਾਈ ਤੱਕ ਪਹੁੰਚ ਗਈ। ਬਾਅਦ ਵਿੱਚ ਉਨ੍ਹਾਂ ਨੇ ਇਕ-ਦੂਜੇ ਤੇ ਕੁਰਸੀਆਂ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ। ਘਟਨਾ ਦੀ ਸੂਚਨਾ ਮਿਲਦੇ ਹੀ ਸੀਨੀਅਰ ਅਧਿਕਾਰੀ ਅਤੇ ਪੁਲਿਸ ਮੌਕੇ ਤੇ ਪਹੁੰਚ ਗਈ। ਮਿਲੀ ਜਾਣਕਾਰੀ ਅਨੁਸਾਰ ਦੋਵਾਂ ਟੀਮਾਂ ਨੂੰ ਸਵੇਰੇ ਬੁਲਾਇਆ ਗਿਆ ਹੈ ਅਤੇ ਫਿਰ ਅਗਲੀ ਕਾਰਵਾਈ ਕੀਤੀ ਜਾਵੇਗੀ।

# ਬ੍ਰਿਟਿਸ਼ ਰਵਿਦਾਸੀਆ ਹੈਰੀਟੇਜ ਫਾਊਂਡੇਸ਼ਨ ਨੇ ਥਾਪੇ ਅਮਰੀਕਾ, ਕਨੇਡਾ ਤੇ ਯੂ.ਏ.ਈ. ਦੇ ਪ੍ਰਧਾਨ



ਫਗਵਾੜਾ ( ਸੁਸ਼ੀਲ ਸ਼ਰਮਾ ) ਬ੍ਰਿਟੇਨ ਅਧਾਰਤ ਸਮਾਜ ਸੇਵੀ ਜੱਥੇਬੰਦੀ ਬ੍ਰਿਟਿਸ਼ ਰਵਿਦਾਸੀਆ ਹੈਰੀਟੇਜ ਫਾਊਂਡੇਸ਼ਨ ਯੂ.ਕੇ. (ਬੀ.ਆਰ.ਐਚ.ਐਫ.) ਦੀ ਇਕ ਮੀਟਿੰਗ ਅੰਤਰਰਾਸ਼ਟਰੀ ਪ੍ਰਧਾਨ ਓਮ ਪ੍ਰਕਾਸ਼ ਬਾਘਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਫਾਊਂਡੇਸ਼ਨ ਦੇ ਸਰਪ੍ਰਸਤ ਸੰਤ ਸਤਨਾਮ ਸਿੰਘ ਨੂਰੜ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਮੀਟਿੰਗ ਦੌਰਾਨ ਨਰੇਸ਼ ਸਿੰਘ ਨੂੰ ਯੂ.ਐਸ.ਏ., ਇੰਦਰਜੀਤ ਸਿੰਘ ਨੂੰ ਕਨੇਡਾ ਅਤੇ ਮਹਿੰਦਰ ਪਾਲ ਨੂੰ ਯੂ.ਏ.ਈ. (ਦੁਬਾਈ) ਸ਼ਾਖਾ ਦਾ ਪ੍ਰਧਾਨ ਐਲਾਨਿਆ ਗਿਆ। ਇਸ ਸਬੰਧੀ ਨਿਯੁਕਤੀ ਪੱਤਰ ਦਿੰਦੇ ਹੋਏ ਅੰਤਰ ਰਾਸ਼ਟਰੀ ਪ੍ਰਧਾਨ ਓਮ ਪ੍ਰਕਾਸ਼ ਬਾਘਾ ਨੇ ਦੱਸਿਆ ਕਿ ਫਾਊਂਡੇਸ਼ਨ ਦਾ ਮੁੱਖ ਉਦੇਸ਼ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਅਤੇ ਜੀਵਨ ਫਲਸਫੇ ਬਾਰੇ ਸਮੁੱਚੀ ਦੁਨੀਆ ਦੀ ਨਵੀਂ ਪੀੜ੍ਹੀ ਨੂੰ ਜਾਣੂ ਕਰਵਾਉਣਾ ਹੈ ਤਾਂ ਜੋ ਦੁਨੀਆ ਪੱਧਰ ਤੇ ਆਪਸੀ ਭਾਈਚਾਰਕ ਸਾਂਝ ਮਜਬੂਤ ਕੀਤੀ ਜਾ ਸਕੇ। ਅਗਲੇ ਸਾਲ 2025 ਵਿਚ ਗੁਰੂ ਮਹਾਰਾਜ ਦਾ 650ਵਾਂ ਪ੍ਰਕਾਸ਼ ਦਿਹਾੜਾ ਵਿਸ਼ਵ ਪੱਧਰ ਤੇ ਬੜੀ ਹੀ ਧੂਮਧਾਨ ਨਾਲ ਮਨਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਉਹਨਾਂ ਨਵ ਨਿਯੁਕਤ ਪ੍ਰਧਾਨਾਂ ਨੂੰ ਹਦਾਇਤ ਕੀਤੀ ਕਿ ਅਮਰੀਕਾ, ਕਨੇਡਾ ਅਤੇ ਦੁਬਈ ਵਿਚ ਗੁਰੂ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਦੀਆਂ ਤਿਆਰੀਆਂ ਵੱਡੀ ਪੱਧਰ ਤੇ ਆਰੰਭੀਆਂ ਜਾਣ। ਵਧੇਰੇ ਜਾਣਕਾਰੀ ਦਿੰਦਿਆਂ ਫਾਉਂਡੇਸ਼ਨਦੇ ਆਲ ਇੰਡੀਆ ਪ੍ਰਧਾਨ ਰਾਜੇਸ਼ ਬਾਘਾ ਨੇ ਦੱਸਿਆ ਕਿ ਨਵੇਂ ਐਲਾਨੇ ਗਏ ਪ੍ਰਧਾਨ ਆਪੋ ਆਪਣੇ ਦੇਸ਼ ਵਿਚ ਫਾਉਂਡੇਸ਼ਨ ਦੇ ਯੂਨਿਟ ਗਠਨ ਕਰਕੇ ਤਿਆਰੀਆਂ ਜੰਗੀ ਪੱਧਰ ਤੇ ਸ਼ੁਰੂ ਕਰਨਗੇ। ਜਲਦੀ ਹੀ ਭਾਰਤ ਵਿਚ ਫਾਉਂਡੇਸ਼ਨ ਦੀ ਅੰਤਰਰਾਸ਼ਟਰੀ ਕਾਨਫ੍ਰੰਸ ਕੀਤੀ ਜਾਵੇਗੀ ਅਤੇ ਇੰਗਲੈਂਡ ਵਿਚ ਇਕ ਵੱਡਾ ਸਮਾਗਮ ਕੀਤਾ ਜਾਵੇਗਾ। ਸੰਤ ਸਤਨਾਮ ਸਿੰਘ ਨੇ ਨਵ ਨਿਯੁਕਤ ਪ੍ਰਧਾਨਾਂ ਨੂੰ ਅਸ਼ੀਰਵਾਦ ਦਿੱਤਾ ਅਤੇ ਵਿਦੇਸ਼ਾਂ ਵਿਚ ਫਾਉਂਡੇਸ਼ਨ ਦੇ ਮਿਸ਼ਨ ਨੂੰ ਫੈਲਾਉਣ 'ਚ ਸੰਭਵ ਸਹਿਯੋਗ ਦੀ ਅਪੀਲ ਕੀਤੀ।

ਤਸਵੀਰ ਸਮੇਤ। ਨ।

ਤਸਵੀਰ ਸਮੇਤ।ਰਥੀਆਂ ਨੇ ਉਸ ਦੇ ਮੋਬਾਈਲ ਤੇ ਫ਼ੋਨ ਕੀਤਾ ਪਰ ਕੋਈ ਜਵਾਬ ਨਹੀਂ ਮਿਲਿਆ, ਜਿਸ ਤੋਂ ਬਾਅਦ

ਕਿਸੇ ਅਣਸੁਖਾਵੀਂ ਘਟਨਾ ਦੇ ਡਰੋਂ ਕਾਕੜਦੇਵ ਪੁਲਿਸ ਨੂੰ ਮਾਮਲੇ ਦੀ ਸੂਚਨਾ ਦਿੱਤੀ ਗਈ।

ਇਸ ਤੋਂ ਬਾਅਦ ਜਦੋਂ ਕਾਕਾਦੇਵ ਪੁਲਸ ਪਹੁੰਚੀ ਤਾਂ ਉਤਕਰਸ਼ ਦੇ ਕਮਰੇ ਦਾ ਦਰਵਾਜ਼ਾ ਅੰਦਰੋਂ ਬੰਦ ਸੀ। ਇਸ ਤੋਂ ਬਾਅਦ ਪੁਲਿਸ ਨੇ ਬੜੀ ਮੁਸ਼ੱਕਤ ਨਾਲ ਕਮਰੇ ਦਾ ਦਰਵਾਜ਼ਾ ਤੋੜਿਆ। ਅੰਦਰ ਜਾ ਕੇ ਦੇਖਿਆ ਕਿ ਉਤਕਰਸ਼ ਦੀ ਲਾਸ਼ ਬਾਥਰੂਮ ਵਿੱਚ ਪਈ ਸੀ। ਇਸ ਤੋਂ ਬਾਅਦ ਪੁਲਸ ਉਸ ਨੂੰ ਹੈਲੇਟ ਹਸਪਤਾਲ ਲੈ ਗਈ। ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਜਾਣਕਾਰੀ ਦਿੰਦੇ ਹੋਏ ਪੁਲਸ ਨੇ ਦੱਸਿਆ ਕਿ ਮ੍ਰਿਤਕ ਉਤਕਰਸ਼ ਗੁਪਤਾ ਨਵੀਨ ਨਗਰ ਸਥਿਤ ਇਕ ਹੋਸਟਲ ਚ ਰਹਿੰਦਾ ਸੀ ਅਤੇ ਜੇਈਈ ਮੇਨਸ ਦੀ ਕੋਚਿੰਗ ਲੈ ਰਿਹਾ ਸੀ। ਉਸਦੇ ਪਿਤਾ ਮੁਜ਼ੱਫਰਨਗਰ ਵਿੱਚ ਇੱਕ ਪ੍ਰਾਈਵੇਟ ਨੌਕਰੀ ਕਰਦੇ ਹਨ। ਸੂਚਨਾ ਮਿਲਦੇ ਹੀ ਪਰਿਵਾਰਕ ਮੈਂਬਰ ਵੀ ਕਾਨਪੁਰ ਪਹੁੰਚ ਗਏ। ਸ਼ੱਕ ਹੈ ਕਿ ਵਿਦਿਆਰਥਣ ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ ਹੈ ਪਰ ਸਹੀ ਜਾਣਕਾਰੀ ਲਈ ਉਸ ਦੀ ਪੋਸਟ ਮਾਰਟਮ ਰਿਪੋਰਟ ਦੀ ਉਡੀਕ ਹੈ।

# ਸ਼੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਮਰਹੂਮ ਪ੍ਰਕਾਸ਼ ਸਿੰਘ ਬਾਦਲ ਤੋਂ ਫਖਰ-ਏ-ਕੌਮ ਖਿਤਾਬ ਵਾਪਸ ਲਿਆ ਗਿਆ



ਮੋਹਾਲੀ , (ਲੋਕ ਬਾਣੀ) ਸ੍ਰੀ ਅਕਾਲ ਤਖ਼ਤ ਸਾਹਿਬ ਮਰਹੂਮ ਪ੍ਰਕਾਸ਼ ਸਿੰਘ ਬਾਦਲ ਤੋਂ ਫਖਰ-ਏ-ਕੌਮ ਵਾਪਸ ਲੈ ਲਿਆ ਹੈ। ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੇ ਬੋਲਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਇਹ ਗੁਨਾਹ ਕਬੂਲ ਕੀਤਾ ਹੈ ਕਿ ਉਨ੍ਹਾਂ ਨੇ ਜਥੇਦਾਰ ਸਾਹਿਬਾਨ ਨੂੰ ਆਪਣੇ ਰਿਹਾਇਸ਼ ਤੇ ਬੁਲਾ ਕੇ ਡੇਰਾ ਸੌਦਾ ਸਾਧ ਨੂੰ ਮੁਆਫੀ ਲਈ ਦਬਾਅ ਪਾਇਆ। ਇਸ ਕੰਮ ਵਿਚ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਇਸ ਵਿਚ ਸ਼ਾਮਲ ਸਨ। ਲਿਹਾਜ਼ਾ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਗਿਆ ਫਖਰ-ਏ-ਕੌਮ ਵਾਪਸ ਲਿਆ ਜਾਂਦਾ ਹੈ।

# ਕਾਨਪੁਰ ਵਿੱਚ ਹੋਸਟਲ ਦੇ ਬਾਥਰੂਮ ਵਿੱਚ ਮਿਲਿਆ ਜੇਈਈ ਮੇਨਜ਼ ਦੀ ਤਿਆਰੀ ਕਰ ਰਹੇ ਵਿਦਿਆਰਥੀ ਦੀ ਲਾਸ਼

ਕਾਨਪੁਰ।(ਸੁਨੀਲ ਬਾਜਪਾਈ) ਇੱਥੇ ਵਿਦਿਆਰਥੀਆਂ ਦੀਆਂ ਸ਼ੱਕੀ ਹਾਲਾਤਾਂ ਵਿੱਚ ਮੌਤਾਂ ਦਾ ਸਿਲਸਿਲਾ ਜਾਰੀ ਹੈ। ਇਸ ਕ੍ਰਮ ਵਿੱਚ ਕਾਕਾਦੇਵ ਥਾਣਾ ਖੇਤਰ ਦੇ ਕੋਚਿੰਗ ਮੰਡੀ ਚ ਚੱਲ ਰਹੇ ਹੋਸਟਲ ਚ ਇਕ ਵਿਦਿਆਰਥੀ ਦੀ ਲਾਸ਼ ਮਿਲਣ ਤੋਂ ਬਾਅਦ ਸਨਸਨੀ ਫੈਲ ਗਈ।

ਜਾਣਕਾਰੀ ਮੁਤਾਬਕ ਉਹ ਨਵੀਨ ਨਗਰ ਸਥਿਤ ਹੋਸਟਲ ਦੇ ਕਮਰੇ ਚ ਰਹਿ ਕੇ ਜੇਈਈ ਮੇਨਜ਼ ਦੀ ਤਿਆਰੀ ਕਰ ਰਿਹਾ ਸੀ। ਉਸ ਦੀ ਪਛਾਣ ਉਤਕਰਸ਼ ਗੁਪਤਾ ਪੁੱਤਰ ਸੰਤੋਸ਼ ਗੁਪਤਾ ਵਾਸੀ ਵਾਰਾਣਸੀ ਵਜੋਂ ਹੋਈ ਹੈ।

ਪੁਲਿਸ ਅਨੁਸਾਰ ਘਟਨਾ ਦਾ ਪਤਾ ਉਸ ਸਮੇਂ ਲੱਗਾ ਜਦੋਂ ਉਹ ਸਵੇਰੇ ਕਾਫੀ ਦੇਰ ਤੱਕ ਨਜ਼ਰ ਨਹੀਂ ਆਇਆ ਤਾਂ ਹੋਸਟਲ ਚ ਰਹਿਣ ਵਾਲੇ ਹੋਰ ਵਿਦਿਆਰਥੀਆਂ ਨੇ ਉਸ ਦੇ ਮੋਬਾਈਲ ਤੇ ਫ਼ੋਨ ਕੀਤਾ ਪਰ ਕੋਈ ਜਵਾਬ ਨਹੀਂ ਮਿਲਿਆ, ਜਿਸ ਤੋਂ ਬਾਅਦ

ਕਿਸੇ ਅਣਸੁਖਾਵੀਂ ਘਟਨਾ ਦੇ ਡਰੋਂ ਕਾਕੜਦੇਵ ਪੁਲਿਸ ਨੂੰ ਮਾਮਲੇ ਦੀ ਸੂਚਨਾ ਦਿੱਤੀ ਗਈ।

ਇਸ ਤੋਂ ਬਾਅਦ ਜਦੋਂ ਕਾਕਾਦੇਵ ਪੁਲਸ ਪਹੁੰਚੀ ਤਾਂ ਉਤਕਰਸ਼ ਦੇ ਕਮਰੇ ਦਾ ਦਰਵਾਜ਼ਾ ਅੰਦਰੋਂ ਬੰਦ ਸੀ। ਇਸ ਤੋਂ ਬਾਅਦ ਪੁਲਿਸ ਨੇ ਬੜੀ ਮੁਸ਼ੱਕਤ ਨਾਲ ਕਮਰੇ ਦਾ ਦਰਵਾਜ਼ਾ ਤੋੜਿਆ। ਅੰਦਰ ਜਾ ਕੇ ਦੇਖਿਆ ਕਿ ਉਤਕਰਸ਼ ਦੀ ਲਾਸ਼ ਬਾਥਰੂਮ ਵਿੱਚ ਪਈ ਸੀ। ਇਸ ਤੋਂ ਬਾਅਦ ਪੁਲਸ ਉਸ ਨੂੰ ਹੈਲੇਟ ਹਸਪਤਾਲ ਲੈ ਗਈ। ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਜਾਣਕਾਰੀ ਦਿੰਦੇ ਹੋਏ ਪੁਲਸ ਨੇ ਦੱਸਿਆ ਕਿ ਮ੍ਰਿਤਕ ਉਤਕਰਸ਼ ਗੁਪਤਾ ਨਵੀਨ ਨਗਰ ਸਥਿਤ ਇਕ ਹੋਸਟਲ ਚ ਰਹਿੰਦਾ ਸੀ ਅਤੇ ਜੇਈਈ ਮੇਨਸ ਦੀ ਕੋਚਿੰਗ ਲੈ ਰਿਹਾ ਸੀ। ਉਸਦੇ ਪਿਤਾ ਮੁਜ਼ੱਫਰਨਗਰ ਵਿੱਚ ਇੱਕ ਪ੍ਰਾਈਵੇਟ ਨੌਕਰੀ ਕਰਦੇ ਹਨ। ਸੂਚਨਾ ਮਿਲਦੇ ਹੀ ਪਰਿਵਾਰਕ ਮੈਂਬਰ ਵੀ ਕਾਨਪੁਰ ਪਹੁੰਚ ਗਏ। ਸ਼ੱਕ ਹੈ ਕਿ ਵਿਦਿਆਰਥਣ ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ ਹੈ ਪਰ ਸਹੀ ਜਾਣਕਾਰੀ ਲਈ ਉਸ ਦੀ ਪੋਸਟ ਮਾਰਟਮ



ਰਿਪੋਰਟ ਦੀ ਉਡੀਕ ਹੈ।


# ਰੋਟਰੀ ਕਲੱਬ ਵੱਲੋਂ ਜਨ ਸੰਪਰਕ ਮੁਹਿੰਮ ਸ਼ੁਰੂ ਕੀਤੀ ਜਾਵੇ : ਡਾ: ਗਰੋਵਰ

ਫਗਵਾੜਾ ( ਸੁਸ਼ੀਲ ਸ਼ਰਮਾ ) ਸਮਾਜਿਕ ਸੰਸਥਾ ਰੋਟਰੀ ਕਲੱਬ ਫਗਵਾੜਾ ਜੈਮਸ ਵੱਲੋਂ ਸਥਾਨਕ ਰੈਸਟੋਰੈਂਟ ਵਿਖੇ ਸ਼ਾਨਦਾਰ ਸਮਾਗਮ ਕਰਵਾਇਆ ਗਿਆ। ਕਲੱਬ ਦੇ ਪ੍ਰਧਾਨ ਰੋਟੇਰੀਅਨ ਪਵਨ ਕੁਮਾਰ ਕਾਲੜਾ ਦੀ ਅਗਵਾਈ ਅਤੇ ਪ੍ਰੋਜੈਕਟ ਡਾਇਰੈਕਟਰ ਰੋਟੇਰੀਅਨ ਸਤੀਸ਼ ਜੈਨ ਦੀ ਦੇਖ-ਰੇਖ ਹੇਠ ਕਰਵਾਏ ਗਏ ਸਮਾਗਮ ਵਿੱਚ ਰੋਟਰੀ ਇੰਟਰਨੈਸ਼ਨਲ ਡਿਸਟ੍ਰਿਕਟ 3070 ਦੇ ਗਵਰਨਰ ਰੋਟੇਰੀਅਨ ਡਾ: ਪੀ.ਐਸ. ਗਰੋਵਰ ਨੇ ਕਲੱਬ ਦਾ ਅਧਿਕਾਰਤ ਦੌਰਾ ਕੀਤਾ। ਉਨ੍ਹਾਂ ਆਪਣੇ ਸੰਬੋਧਨ ਵਿੱਚ ਰੋਟਰੀ ਕਲੱਬ ਫਗਵਾੜਾ ਜੇਮਸ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕਲੱਬ ਨੂੰ ਸਮਾਜ ਸੇਵਾ ਦੇ ਕੰਮਾਂ ਦੇ ਨਾਲ-ਨਾਲ ਵੱਧ ਤੋਂ ਵੱਧ ਲੋਕ ਸੰਪਰਕ ਮੁਹਿੰਮ ਚਲਾਉਣੀ ਚਾਹੀਦੀ ਹੈ, ਤਾਂ ਜੋ ਰੋਟਰੀ ਕਲੱਬ ਦੇ ਮਕਸਦ ਬਾਰੇ ਆਮ ਨਾਗਰਿਕਾਂ ਨੂੰ ਜਾਣਕਾਰੀ ਦੇ ਕੇ ਵੱਧ ਤੋਂ ਵੱਧ ਲੋਕਾਂ ਨੂੰ ਕਲੱਬ ਨਾਲ ਜੋੜਿਆ ਜਾ ਸਕੇ। ਉਨ੍ਹਾਂ ਰੋਟਰੀ ਇੰਟਰਨੈਸ਼ਨਲ ਵੱਲੋਂ ਭਵਿੱਖ ਵਿੱਚ ਕੀਤੇ ਜਾਣ ਵਾਲੇ ਕੰਮਾਂ ਬਾਰੇ ਵੀ ਦੱਸਿਆ। ਡਾ: ਗਰੋਵਰ ਨੇ ਕਲੱਬ ਲਈ ਪੂਰੀ ਤਨਦੇਹੀ ਨਾਲ ਕੰਮ ਕਰਨ ਲਈ ਕਲੱਬ ਦੇ ਪ੍ਰਧਾਨ ਪਵਨ ਕੁਮਾਰ ਕਾਲੜਾ ਅਤੇ ਕਲੱਬ ਸਕੱਤਰ ਰਾਕੇਸ਼ ਸੂਦ ਨੂੰ ਰੋਟਰੀ ਕੈਪ ਅਤੇ ਰੋਟਰੀ ਟੀ-ਸ਼ਰਟ ਦੇ ਕੇ ਸਨਮਾਨਿਤ ਕੀਤਾ। ਸਮਾਗਮ ਨੂੰ ਸਾਬਕਾ ਰੋਟਰੀ ਗਵਰਨਰ ਐਸ.ਪੀ.ਸੇਠੀ ਨੇ ਵੀ ਸੰਬੋਧਿਤ ਕੀਤਾ। ਇਸ ਤੋਂ ਪਹਿਲਾਂ ਸਮਾਗਮ ਦੀ ਸ਼ੁਰੂਆਤ ਰਾਸ਼ਟਰ ਗਾਨ ਨਾਲ ਕੀਤੀ ਗਈ। ਕਲੱਬ ਦੇ ਪ੍ਰਧਾਨ ਪਵਨ ਕੁਮਾਰ ਕਾਲੜਾ ਨੇ ਆਏ ਹੋਏ ਮਹਿਮਾਨਾਂ ਦਾ ਰਸਮੀ ਸਵਾਗਤ ਕੀਤਾ। ਕਲੱਬ ਦੇ ਸਕੱਤਰ ਰਾਕੇਸ਼ ਸੂਦ ਨੇ ਕਲੱਬ ਵੱਲੋਂ ਕੀਤੇ ਕੰਮਾਂ ਦੀ ਜਾਣਕਾਰੀ ਦਿੰਦੇ ਹੋਏ ਰਿਪੋਰਟ ਪੇਸ਼ ਕੀਤੀ। ਸਮਾਗਮ ਦਾ ਮੰਚ ਸੰਚਾਲਨ ਸੀਨੀਅਰ ਰੋਟੇਰੀਅਨ ਆਈ.ਪੀ. ਖੁਰਾਣਾ ਨੇ ਆਪਣੇ ਜਾਣੇ-ਪਛਾਣੇ ਅੰਦਾਜ਼ ਵਿੱਚ ਕੀਤਾ। ਅਖੀਰ ਵਿੱਚ ਪ੍ਰੋਜੈਕਟ ਡਾਇਰੈਕਟਰ ਸਤੀਸ਼ ਜੈਨ ਨੇ ਸਮੂਹ ਪਤਵੰਤਿਆਂ ਦਾ ਪਹੁੰਚ ਲਈ ਧੰਨਵਾਦ ਕੀਤਾ। ਇਸ ਮੌਕੇ ਜ਼ੋਨਲ ਚੇਅਰਮੈਨ ਰਵਿੰਦਰ ਚੋਟ, ਸਹਾਇਕ ਗਵਰਨਰ ਵਿਮਲ ਜੈਨ, ਮਹਿੰਦਰ ਸੇਠੀ, ਵਿਜੇ ਸੋਂਧੀ, ਅਸ਼ੋਕ ਗੁਪਤਾ, ਵਿਨੋਦ ਜਲੋਟਾ, ਡਾ.ਜੀ.ਪੀ.ਸਿੰਘ, ਡਾ: ਤੁਸ਼ਾਰ ਅਗਰਵਾਲ, ਰਾਹੁਲ ਅਗਰਵਾਲ, ਰਾਕੇਸ਼ ਚਾਵਲਾ, ਚੰਦਰਮੋਹਨ ਸ਼ਰਮਾ, ਨਿਖਿਲ ਵਧਵਾ, ਕਾਰਤਿਕ ਸੈਣੀ, ਦੀਪਕ ਬੱਗਾ, ਰਜਤ ਮਿੱਤਲ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।ਤਸਵੀਰ ਸਮੇਤ।ਰਥੀਆਂ ਨੇ ਉਸ ਦੇ ਮੋਬਾਈਲ ਤੇ ਫ਼ੋਨ ਕੀਤਾ ਪਰ ਕੋਈ ਜਵਾਬ ਨਹੀਂ ਮਿਲਿਆ, ਜਿਸ ਤੋਂ ਬਾਅਦ

ਕਿਸੇ ਅਣਸੁਖਾਵੀਂ ਘਟਨਾ ਦੇ ਡਰੋਂ ਕਾਕੜਦੇਵ ਪੁਲਿਸ ਨੂੰ ਮਾਮਲੇ ਦੀ ਸੂਚਨਾ ਦਿੱਤੀ ਗਈ।

ਇਸ ਤੋਂ ਬਾਅਦ ਜਦੋਂ ਕਾਕਾਦੇਵ ਪੁਲਸ ਪਹੁੰਚੀ ਤਾਂ ਉਤਕਰਸ਼ ਦੇ ਕਮਰੇ ਦਾ ਦਰਵਾਜ਼ਾ ਅੰਦਰੋਂ ਬੰਦ ਸੀ। ਇਸ ਤੋਂ ਬਾਅਦ ਪੁਲਿਸ ਨੇ ਬੜੀ ਮੁਸ਼ੱਕਤ ਨਾਲ ਕਮਰੇ ਦਾ ਦਰਵਾਜ਼ਾ ਤੋੜਿਆ। ਅੰਦਰ ਜਾ ਕੇ ਦੇਖਿਆ ਕਿ ਉਤਕਰਸ਼ ਦੀ ਲਾਸ਼ ਬਾਥਰੂਮ ਵਿੱਚ ਪਈ ਸੀ। ਇਸ ਤੋਂ ਬਾਅਦ ਪੁਲਸ ਉਸ ਨੂੰ ਹੈਲੇਟ ਹਸਪਤਾਲ ਲੈ ਗਈ। ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਜਾਣਕਾਰੀ ਦਿੰਦੇ ਹੋਏ ਪੁਲਸ ਨੇ ਦੱਸਿਆ ਕਿ ਮ੍ਰਿਤਕ ਉਤਕਰਸ਼ ਗੁਪਤਾ ਨਵੀਨ ਨਗਰ ਸਥਿਤ ਇਕ ਹੋਸਟਲ ਚ ਰਹਿੰਦਾ ਸੀ ਅਤੇ ਜੇਈਈ ਮੇਨਸ ਦੀ ਕੋਚਿੰਗ ਲੈ ਰਿਹਾ ਸੀ। ਉਸਦੇ ਪਿਤਾ ਮੁਜ਼ੱਫਰਨਗਰ ਵਿੱਚ ਇੱਕ ਪ੍ਰਾਈਵੇਟ ਨੌਕਰੀ ਕਰਦੇ ਹਨ। ਸੂਚਨਾ ਮਿਲਦੇ ਹੀ ਪਰਿਵਾਰਕ ਮੈਂਬਰ ਵੀ ਕਾਨਪੁਰ ਪਹੁੰਚ ਗਏ। ਸ਼ੱਕ ਹੈ ਕਿ ਵਿਦਿਆਰਥਣ ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ ਹੈ ਪਰ ਸਹੀ ਜਾਣਕਾਰੀ ਲਈ ਉਸ ਦੀ ਪੋਸਟ ਮਾਰਟਮ ਰਿਪੋਰਟ ਦੀ ਉਡੀਕ ਹੈ।







# ਸਹੀ ਰਸਤਾ ਅਪਣਾਓ,ਏਡਜ਼ ਤੋਂ ਬਚੋ - ਸਿਵਲ ਸਰਜਨ

ਕਪੂਰਥਲਾ,/ਫਗਵਾੜਾ ( ਸੁਸ਼ੀਲ ਸ਼ਰਮਾ )- ਏਡਜ ਇੱਕ ਗੰਭੀਰ ਬੀਮਾਰੀ ਤੇ ਇਸ ਬੀਮਾਰੀ ਪ੍ਰਤੀ ਜਾਗਰੂਕ ਹੋਣ ਵਿਚ ਹੀ ਬਚਾਅ ਹੈ। ਇਹ ਸ਼ਬਦ ਸਿਵਲ ਸਰਜਨ ਡਾ ਰਿਚਾ ਭਾਟੀਆ ਨੇ ਵਿਸ਼ਵ ਏਡਜ ਦਿਵਸ ਦੇ ਸੰਬੰਧ ਵਿਚ ਪ੍ਰਗਟ ਕੀਤੇ। ਜ਼ਿਕਰਯੋਗ ਹੈ ਕਿ ਇਸ ਵਾਰ ਵਿਸ਼ਵ ਏਡਜ਼ ਦਿਵਸ ਸਹੀ ਰਸਤਾ ਅਪਣਾਓ ਥੀਮ ਤਹਿਤ ਮਨਾਇਆ ਜਾ ਰਿਹਾ ਹੈ । ਡਾਕਟਰ ਰਿਚਾ ਭਾਟੀਆ ਨੇ ਦੱਸਿਆ ਕਿ ਏਡਜ ਦੇ ਕਾਰਣਾਂ, ਲੱਛਣਾਂ ਤੇ ਬਚਾਅ ਪ੍ਰਤੀ ਜਾਗਰੂਕ ਕਰਨਾ ਹੀ ਇਸ ਦਿਨ ਨੂੰ ਮਨਾਉਣ ਦਾ ਉਦੇਸ਼ ਹੈ।ਉਨ੍ਹਾਂ ਕਿਹਾ ਕਿ ਏਡਜ ਪੀੜਤ ਦਾ ਸਮਾਜਕ ਤੌਰ ਤੇ ਬਾਈਕਾਟ ਕਰਨਾ ਗਲਤ ਹੈ ।ਉਨ੍ਹਾਂ ਦੱਸਿਆ ਕਿ ਐਚ.ਆਈ.ਵੀ.ਪਾਜੀਟਿਵ ਵਿਅਕਤੀ ਨਾਲ ਅਸੁਰੱਖਿਅਤ ਯੌਨ ਸੰਬੰਧ ਬਣਾਉਣ ਨਾਲ , ਐਚ.ਆਈ.ਵੀ. ਸੰਕ੍ਰਮਿਤ ਖੂਨ ਚੜਾਉਣ ਨਾਲ, ਇਕ ਹੀ ਸਰਿੰਜ ਦਾ ਇਸਤੇਮਾਲ ਵਾਰ ਵਾਰ ਕਰਨ ਨਾਲ, ਐਚ.ਆਈ.ਵੀ ਗ੍ਰਸਤ ਮਾਂ ਤੋਂ ਬੱਚੇ ਨੂੰ ਇਹ ਰੋਗ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਏਡਜ ਪੀੜਤਾਂ ਦੀ ਸੰਖਿਆ ਵਿੱਚ ਵਾਧਾ ਹੋਣਾ ਚਿੰਤਾਜਨਕ ਹੈ ਅਤੇ ਪੀੜਤ ਨਾਲ ਘਰਦਿਆਂ ਦਾ ਅਤੇ ਸਮਾਜ ਦਾ ਨਾਂਹਪੱਖੀ ਰਵੱਇਆ ਪੀੜਤ ਦੀਆਂ ਮੁਸ਼ਕਲਾਂ ਨੂੰ ਹੋ ਵਧਾ ਦਿੰਦਾ ਹੈ ਤੇ ਉਸ ਵਿੱਚ ਜੀਉਣ ਦੀ ਇੱਛਾ ਨਾ ਦੇ ਬਰਾਬਰ ਰਹਿ ਜਾਂਦੀ ਹੈ।ਜਿਕਰਯੋਗ ਹੈ ਕਿ ਏਡਜ ਹੋਣ ਨਾਲ ਪੀੜਤ ਵਿੱਚ ਰੋਗਾਂ ਨਾਲ ਲੜਣ ਦੀ ਸਮੱਰਥਾ ਘੱਟ ਜਾਂਦੀ ਹੈ ਤੇ ਉਹ ਕਈ ਤਰ੍ਹਾਂ ਦੀਆਂ ਗੰਭੀਰ ਬੀਮਾਰੀਆਂ ਨਾਲ ਜਕੜਿਆ ਜਾਂਦਾ ਹੈ।ਸਿਵਲ ਸਰਜਨ ਡਾ. ਰਿਚਾ ਭਾਟੀਆ ਨੇ ਇਹ ਵੀ ਦੱਸਿਆ ਕਿ ਭਾਰ ਘਟੱਣਾ, ਥਕਾਨ, ਲਗਾਤਾਰ ਬੁਖਾਰ ਰਹਿਣਾ, ਨਿਰੰਤਰ ਡਾਈਰੀਆ, ਸਾਹ ਲੈਣ ਵਿੱਚ ਦਿੱਕਤ, ਘਾਤਕ ਨਿਮੋਨੀਆ ਹੋਣਾ ਇਸ ਦੇ ਲੱਛਣ ਹਨ।ਉਨ੍ਹਾਂ ਇਹ ਵੀ ਕਿਹਾ ਕਿ ਏਡਜ ਪ੍ਰਤੀ ਫੈਲੀਆਂ ਗਲਤ ਧਾਰਨਾਵਾਂ ਤੋਂ ਬਚਿਆ ਜਾਣਾ ਚਾਹੀਦਾ ਹੈ। ਇਸੇ ਸੰਬਧ ਚ ਮੌਡਰਨ ਜੇਲ ਕਪੂਰਥਲਾ ਵਿਖੇ ਵੀ ਇਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਸਿਵਲ ਹਸਪਤਾਲ ਕਪੂਰਥਲਾ ਦੇ ਡਾਕਟਰ ਹਰੂਨ ਵੱਲੋਂ ਜੇਲ੍ਹ ਵਿੱਚ ਰਹਿ ਰਹੇ ਕੈਦੀਆਂ ਨੂੰ ਏਡਜ ਤੋਂ ਬਚਾਅ ਬਾਰੇ ਜਾਗਰੂਕ ਕੀਤਾ ਗਿਆ। ਜਿਕਰਯੋਗ ਹੈ ਕਿ ਸਾਰੇ ਸਰਕਾਰੀ ਸਿਹਤ ਕੇਂਦਰਾਂ ਵਿਚ ਏਡਜ ਦੀ ਟੈਸਟਿੰਗ ਤੇ ਇਲਾਜ ਮੁਫਤ ਕੀਤਾ ਜਾਂਦਾ ਹੈ।



# ਵਰਲਡ ਏਡਜ਼ ਦਿਵਸ ਨੂੰ ਮੁੱਖ ਰੱਖ ਕੇ ਐਚ.ਆਈ.ਵੀ./ ਏਡਜ਼ ਸੰਬੰਧੀ ਕੀਤਾ ਜਾਗਰੂਕ

ਫਗਵਾੜਾ (ਸੁਸ਼ੀਲ ਸ਼ਰਮਾ )ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸਿਵਲ ਸਰਜਨ ਕਪੂਰਥਲਾ ਡਾ ਰੀਚਾ ਭਾਟੀਆ ਅਤੇ ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰ ਡਾ ਰਾਜੇਸ਼ ਚੰਦਰ ਦੀਆਂ ਹਦਾਇਤਾਂ ਅਨੁਸਾਰ ਅਤੇ ਡਾ ਦਰਸ਼ਨ ਬੱਧਨ ਦੀ ਯੋਗ ਅਗਵਾਈ ਹੇਠ ਸਿਵਲ ਹਸਪਤਾਲ ਫਗਵਾੜਾ ਵਿਖੇ ਅੱਜ ਵਰਲਡ ਏਡਜ਼ ਦਿਵਸ ਨੂੰ ਮੁੱਖ ਰੱਖ ਕੇ ਐਚ. ਆਈ.ਵੀ./ ਏਡਜ਼ ਸੰਬੰਧੀ ਸਿਵਲ ਹਸਪਤਾਲ ਫਗਵਾੜਾ ਵਿਖੇ ਆਏ ਮਰੀਜ਼ਾਂ ਨੂੰ ਜਾਗਰੂਕ ਕੀਤਾ ਗਿਆ ਇਸ ਮੌਕੇ ਡਾਕਟਰ ਦਰਸ਼ਨ ਬੱਧਨ ਨੇ ਦੱਸਿਆ ਕਿ ਐਚ.ਆਈ.ਵੀ./ਏਡਜ਼ ਇੱਕ ਭਿਆਨਕ ਬਿਮਾਰੀ ਹੈ ਜੋ ਅਸੁਰੱਖਿਅਤ ਯੋਨ ਸੰਬੰਧਾਂ, ਦੂਸ਼ਿਤ ਸਰਿੰਜਾਂ ਸੂਈਆਂ ਦੀ ਵਰਤੋ, ਦੂਸ਼ਿਤ ਖੂਨ ਚੜਾਉਣ ਨਾਲ ਅਤੇ ਐਚ.ਆਈ.ਵੀ. ਗ੍ਰਸਤ ਮਾਂ ਤੋਂ ਉਸ ਦੇ ਹੋਣ ਵਾਲੇ ਬੱਚੇ ਨੂੰ ਹੋ ਸਕਦਾ ਹੈ, ਉਨਾਂ ਕਿਹਾ ਕਿ ਬੱਚੇ ਨੂੰ ਐਚ.ਆਈ.ਵੀ. ਹੋਣ ਤੋਂ ਬਚਾਇਆ ਜਾ ਸਕਦਾ ਹੈ ਜੇਕਰ ਸਹੀ ਟਾਈਮ ਤੇ ਟ੍ਰੀਟਮੈਂਟ ਕਰਵਾਇਆ ਜਾਵੇ ਉਹਨਾਂ ਕਿਹਾ ਕਿ ਏਡਜ਼ ਗ੍ਰਸਤ ਵਿਅਕਤੀ ਨਾਲ ਭੇਦਭਾਵ ਨਾ ਕੀਤਾ ਜਾਵੇ ਕਿਉਂਕਿ ਐਚ.ਆਈ. ਵੀ./ਏਡਜ਼ ਪ੍ਰਿਵੈਂਸ਼ਨ ਐਂਡ ਕੰਟਰੋਲ ਐਕਟ 2017 ਦੇ ਮੁਤਾਬਿਕ ਜੇ ਕੋਈ ਐਚ.ਆਈ.ਵੀ. ਪ੍ਰਭਾਵਿਤ ਵਿਅਕਤੀ ਨਾਲ ਭੇਦ ਭਾਵ ਕਰਦਾ ਹੈ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਹੋ ਸਕਦੀ ਹੈ ਇਸ ਮੌਕੇ ਡਾ ਇਸ਼ਮੀਤ ਕੌਰ , ਸੀਤਾ , ਰਮਨ , ਲਵਪ੍ਰੀਤ , ਰਾਜੇਸ਼ , ਆਤਮਾ ਰਾਮ ਆਦਿ ਮੌਜੂਦ ਸਨ



# ਰੂਰਲ ਹਾਕੀ ਡਿਵੈਲਪਮੈਂਟ ਸੋਸਾਇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕੈਪੀਟਲ ਸਮਾਲ ਫਾਈਨੈਂਸ ਬੈਂਕ 10 ਵੀਂ ਪੇਂਡੂ ਹਾਕੀ ਲੀਗ ਸ਼ਾਨੋ ਸ਼ੌਕਤ ਨਾਲ ਕਰਵਾਈ ਗਈ

ਫਗਵਾੜਾ ( ਸੁਸ਼ੀਲ ਸ਼ਰਮਾ )ਜ਼ਿਲ੍ਹਾ ਜਲੰਧਰ ਦੇ ਵੱਖ-ਵੱਖ ਪਿੰਡਾਂ ਵਿੱਚ ਪੇਂਡੂ ਇਲਾਕਿਆਂ ਦੇ ਬੱਚਿਆਂ ਦੇ ਹਾਕੀ ਮੁਕਾਬਲੇ ਕਰਾਉਣ ਉਪਰੰਤ ਸਰਦਾਰ ਉਜਾਗਰ ਸਿੰਘ ਸਮਰਾ ਸਟੇਡੀਅਮ ਦੀ ਹਾਕੀ ਗਰਾਊਂਡ ਵਿੱਚ ਇਸ ਲੀਗ ਦੇ ਫਾਈਨਲ ਮੁਕਾਬਲੇ ਕਰਵਾਏ ਗਏ ਗਏ ਕੈਪੀਟਲ ਬੈਂਕ ਦੇ ਵਿਸ਼ੇਸ਼ ਸਹਿਯੋਗ ਅਤੇ ਇਲਾਕੇ ਦੇ ਵੱਖ-ਵੱਖ ਅਦਾਰਿਆਂ ਦੀ ਮਾਲੀ ਮਦਦ ਨਾਲ ਕਰਵਾਈ ਜਾਂਦੀ ਇਸ ਲੀਗ ਦੀ ਆਰੰਭਤਾ ਪਿੰਡ ਚਾਨੀਆਂ ਤੋਂ ਕੀਤੀ ਗਈ ਅੱਜ ਫਾਈਨਲ ਮੁਕਾਬਲਿਆਂ ਦੀ ਆਰੰਭਤਾ ਓਲੰਪੀਅਨ ਗੁਨਦੀਪ ਕੁਮਾਰ ਵੱਲੋਂ ਖੇਡ ਮੈਦਾਨ ਵਿੱਚ ਸੁਸਾਇਟੀ ਦਾ ਝੰਡਾ ਲਹਿਰਾਉਣ ਨਾਲ ਕਰਵਾਈ ਗਈ। ਮਰਹੂਮ ਓਲੰਪੀਅਨ ਸਰਦਾਰ ਵਰਿੰਦਰ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਕਰਵਾਈ ਗਈ ਇਸ ਹਾਕੀ ਲੀਗ ਮੌਕੇ ਉਹਨਾਂ ਦੇ ਸਪੁੱਤਰ ਸਰਦਾਰ ਗੁਰਪ੍ਰੀਤ ਸਿੰਘ ਉੱਘੇ ਹਾਕੀ ਖਿਡਾਰੀ ਨੂੰ ਵਰਿੰਦਰ ਸਿੰਘ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਫਾਈਨਲ ਹਾਕੀ ਮੁਕਾਬਲਿਆਂ ਦੌਰਾਨ ਉਮਰ ਵਰਗ 14 ਸਾਲ ਵਿੱਚ ਲਸਾੜਾ ਦੀ ਟੀਮ ਵੱਲੋਂ ਔੜ ਨੂੰ ਹਰਾਇਆ ਗਿਆ ਉਮਰ 17 ਸਾਲ ਵਿੱਚ ਪਿੰਡ ਸਰੀਂਹ ਨੇ ਲਸਾੜਾ ਟੀਮ ਨੂੰ ਹਰਾਇਆ ਇਸ ਮੌਕੇ ਤੇ ਲੜਕੀਆਂ ਦੇ ਮੁਕਾਬਲੇ ਵੀ ਕਰਵਾਏ ਗਏ ਹਾਕੀ ਲੀਗ ਦੌਰਾਨ 45 ਸਾਲਾਂ ਤੋਂ ਉੱਪਰ ਅਤੇ ਚੜ੍ਹਦੀ ਉਮਰ ਦੇ ਨੌਜਵਾਨਾਂ ਦੇ ਰੋਚਕ ਮੁਕਾਬਲੇ ਵਿੱਚ ਧੀਨਾ ਅਤੇ ਧਨੋਵਾਲੀਆਂ ਦੀ ਦੀਆਂ ਟੀਮਾਂ ਨੇ ਹਾਕੀ ਦੇ ਜੌਹਰ ਦਿਖਾਏ ਇਨਾਮਾਂ ਦੀ ਵੰਡ ਸੰਤ ਸੁਰਜੀਤ ਸਿੰਘ ਜੀ ਸੀਚੇਵਾਲ ਅਤੇ ਪ੍ਰਬੰਧਕਾਂ ਵੱਲੋਂ ਜੇਤੂ



ਖਿਡਾਰੀਆਂ ਨੂੰ ਸ਼ਾਨਦਾਰ ਟਰਾਫੀਆਂ ਮੈਡਲਾਂ ਅਤੇ ਖੇਡ ਕਿੱਟਾਂ ਦੇ ਕੇ ਸਨਮਾਨਿਤ ਕੀਤਾ ਗਿਆ ਪ੍ਰਬੰਧਕਾਂ ਵੱਲੋਂ ਇਸ ਮੌਕੇ ਹਾਜ਼ਰ ਇਲਾਕੇ ਦੇ ਪਿੰਡਾਂ ਦੇ ਪੰਚਾਇਤ ਮੈਂਬਰਾਂ ਸਰਪੰਚਾਂ ਅਤੇ ਮੋਹਤਵਾਰ ਵਿਅਕਤੀਆਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ ਰੂਰਲ ਹਾਕੀ ਡਿਵੈਲਪਮੈਂਟ ਸੋਸਾਇਟੀ ਦੇ ਪ੍ਰਧਾਨ ਹਰ ਭੁਪਿੰਦਰਜੀਤ ਸਿੰਘ ਸਮਰਾ , ਉਪ ਪ੍ਰਧਾਨ ਭੁਪਿੰਦਰ ਸਿੰਘ ਖਾਲਸਾ, ਸਕੱਤਰ ਹਰਮੇਸ਼ ਲਾਲ ਸਟੇਟ ਐਵਾਰਡੀ, ਪ੍ਰੀਤ ਗਗਨ ਸਿੰਘ ਚਾਨੀਆ ਸੂਬੇਦਾਰ ਸੰਤੋਖ ਸਿੰਘ ,ਰਮੇਸ਼ ਗੁਪਤਾ, ਨਰਿੰਦਰ ਸਿੰਘ ਇੰਸਪੈਕਟਰ ਬੀ.ਐਸ.ਐਫ,ਸਚਿਨ ਕੁਮਾਰ ,ਗੋਪੀ ਟਾਂਡਾ, ਹਾਕੀ ਕੋਚ ਲਖਬੀਰ ਲੱਕੀ, ਅਮਿਤ ਸ਼ਰਮਾ, ਮੋਹਿਤ ਸ਼ਰਮਾ ਮਨਜਿੰਦਰ ਸਿੰਘ , ਪ੍ਰਭਪ੍ਰੀਤ ਕੌਰ ਸਮਰਾ ਸਮੇਤ ਸਮੂਹ ਮੈਂਬਰਾਂ ਵੱਲੋਂ ਲੀਗ ਨੂੰ ਸਫਲ ਬਣਾਉਣ ਵਿੱਚ ਤਨਦੇਹੀ ਨਾਲ ਸੇਵਾ ਨਿਭਾਈ ਗਈ ਇਸ ਮੌਕੇ ਤੇ ਕਮਲਜੀਤ ਸਿੰਘ ਸਹੋਤਾ ਸਰਪੰਚ ਜੰਡਿਆਲਾ ਗੁਰਵਿੰਦਰ ਸਿੰਘ ਸਮਰਾ ਸਰਪੰਚ ਸਮਰਾਏ, ਬਲਕਾਰ ਸਿੰਘ ਕੁਨਰ ਸਰਪੰਚ ਧਨੀ ਪਿੰਡ ,ਮਨਦੀਪ ਸਿੰਘ ਸਮਰਾ ਸਾਬਕਾ ਸਰਪੰਚ ਸਮਰਾਏ, ਰਾਧੇ ਸ਼ਾਮ ਸਾਬਕਾ ਸਰਪੰਚ ਲੱਖਣਪਾਲ, ਜਸਵਿੰਦਰ ਸਿੰਘ ਪੰਚ, ਮੱਖਣ ਸਿੰਘ ਜੌਹਲ ਪੰਚ, ਕਮਲਜੀਤ ਕੌਰ ਪੰਚ, ਤਰਨ ਮਹਿਮੀ ਪੰਚ, ਬੋਧਰਾਜ ਇੰਸਪੈਕਟਰ ਮਾਰਕਫੈਡ , ਰਾਮਪਾਲ ਆੜਤੀਆ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ , ਤਨੀ ਸ਼ੇਰ ਗਿੱਲ, ਲੈਕਚਰਾਰ ਜਸਪਾਲ ਸਿੰਘ ਆਦਿ ਸਮੇਤ ਵੱਖ-ਵੱਖ ਪਿੰਡਾਂ ਦੇ ਖੇਡ ਪ੍ਰੇਮੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ

# ਸਰਕਾਰੀ ਹਾਈ ਸਕੂਲ ਖਲਵਾੜਾ ਵਿਖੇ ਮਨਾਇਆ ਵਿਸ਼ਵ ਏਡਜ ਦਿਵਸ





ਫਗਵਾੜਾ ( ਸੁਸ਼ੀਲ ਸ਼ਰਮਾ )ਸਰਕਾਰੀ ਹਾਈ ਸਕੂਲ ਖਲਵਾੜਾ ਵਿਖੇ ਸਕੂਲਦੇ ਰੈਡ ਰਿਬਨ ਕਲੱਬ ਵਲੋਂ ਕਿਸ਼ੋਰ ਸਿੱਖਿਆ ਪ੍ਰੋਗਰਾਮ ਤਹਿਤ ਜਿਲ੍ਹਾ ਸਿੱਖਿਆ ਅਫਸਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ ਇੰਚਾਰਜ ਰਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਅੰਤਰਰਾਸ਼ਟਰੀ ਏਡਜ ਦਿਵਸ ਮਨਾਇਆ ਗਿਆ। ਸਕੂਲ ਅਧਿਆਪਕ ਜੋਤੀ ਕੁਮਾਰੀ ਅਤੇ ਸਵਿਤਾ ਪਵਾਰ ਦੀ ਨਿਗਰਾਨੀ ਤਹਿਤ ਆਯੋਜਿਤ ਸਮਾਗਮ ਦੌਰਾਨ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਵਿਦਿਆਰਥੀਆਂ ਦੇ ਏਡਜ ਦੀ ਭਿਆਨਕ ਬਿਮਾਰੀ ਅਧਾਰਿਤ ਪੋਸਟਰ ਮੇਕਿੰਗ ਅਤੇ ਸਲੋਗਨ ਮੁਕਾਬਲੇ ਵੀ ਕਰਵਾਏ ਗਏ। ਸਕੂਲ ਸਟਾਫ ਅਤੇ ਵਿਦਿਆਰਥੀਆਂ ਵਲੋਂ ਏਡਜ ਲੋਗੋ ਪ੍ਰਦਰਸ਼ਿਤ ਕੀਤਾ ਗਿਆ। ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਇਸ ਰੋਗ ਬਾਰੇ ਵਿਸ਼ੇਸ਼ ਤੌਰ ਤੇ ਜਾਣਕਾਰੀ ਦਿੱਤੀ। ਇਸ ਮੌਕੇ ਸ਼੍ਰੀਮਤੀ ਰਾਜਿੰਦਰ ਕੌਰ, ਅਤਿਕਾ ਧੀਰ, ਪੂਜਾ ਸੂਦ, ਰਚਨਾ ਦੇਵੀ, ਆਸ਼ਾ ਰਾਣੀ, ਸੁਖਵਿੰਦਰ ਕੌਰ ਆਦਿ ਹਾਜ਼ਰ ਸਨ।

# ਕੌਮੀ ਕੁਸ਼ਟ ਰੋਗ ਖ਼ਾਤਮਾ ਪ੍ਰੋਗਰਾਮ ਅਧੀਨ ਮੈਡੀਕਲ ਸਟਾਫ਼ ਦੀ ਟ੍ਰੇਨਿੰਗ

ਕਪੂਰਥਲਾ,/ਫਗਵਾੜਾ :(ਸੁਸ਼ੀਲ ਸ਼ਰਮਾ ) ਸਿਵਲ ਸਰਜਨ ਕਪੂਰਥਲਾ ਡਾਕਟਰ ਰਿਚਾ ਭਾਟੀਆ ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਅੱਜ ਨੈਸ਼ਨਲ ਲੈਪਰੋਸੀ ਇੰਰੈਡੀਕੇਸ਼ਨ ਪ੍ਰੋਗਰਾਮ ਅਧੀਨ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ਼ ਨੂੰ ਟ੍ਰੇਨਿੰਗ ਦਿੱਤੀ ਗਈ। ਇਸ ਮੌਕੇ ਬੋਲਦਿਆਂ ਡਾ. ਦਲਜੀਤ ਸਿੰਘ ਨੇ ਕਿਹਾ ਕਿ ਕੁਸ਼ਟ ਰੋਗ ਮਾਈਕੋਬੈਕਟੀਰੀਅਮ ਲੈਪਰੇ ਨਾਂ ਦੇ ਜੀਵਾਣੂ ਕਾਰਨ ਹੁੰਦਾ ਹੈ। ਇਹ ਰੋਗ ਜ਼ਿਆਦਾਤਰ ਚਮੜੀ ਅਤੇ ਨਸਾਂ ਨੂੰ ਪ੍ਰਭਾਵਿਤ ਕਰਦਾ ਹੈ। ਜੇਕਰ ਇਸਦਾ ਇਲਾਜ ਸਮੇਂ ਤੇ ਨਾ ਕੀਤਾ ਜਾਵੇ, ਤਾਂ ਇਸ ਰੋਗ ਨਾਲ ਅੰਗਾਂ ਵਿਚ ਵਿਗਾੜ ਆਉਣਾ ਸ਼ੁਰੂ ਹੋ ਜਾਂਦਾ ਹੈ। ਸਿਖਲਾਈ ਪ੍ਰੋਗਰਾਮ ਦੌਰਾਨ ਜ਼ਿਲ੍ਹਾ ਲੈਪਰੇਸੀ ਅਫ਼ਸਰ ਡਾ. ਮੀਨਾਕਸ਼ੀ ਨੇ ਕਿਹਾ ਕਿ ਕੁਸ਼ਟ ਰੋਗ ਇਲਾਜ ਯੋਗ ਹੈ। ਇਸ ਤੋਂ ਪ੍ਰਭਾਵਿਤ ਵਿਅਕਤੀ ਨੂੰ ਨਫ਼ਰਤ ਨਾ ਕੀਤੀ ਜਾਵੇ ਸਗੋਂ ਉਸ ਨੂੰ ਇਲਾਜ ਕਰਵਾਉਣ ਵਿਚ ਪੂਰਾ ਸਹਿਯੋਗ ਕੀਤਾ ਜਾਵੇ। ਉਨ੍ਹਾਂ ਨੇ ਕੁਸ਼ਟ ਰੋਗ ਦੇ ਲੱਛਣਾਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਚਮੜੀ ਤੇ ਹਲਕੇ ਪੀਲੇ ਰੰਗ ਦੇ ਚਟਾਕ ਪੈਣਾ, ਉਸ ਭਾਗ ਦਾ ਸੁੰਨ ਹੋ ਜਾਣਾ, ਹੱਥਾਂ ਪੈਰਾਂ ਦੀਆਂ ਉਲਾਂ ਦਾ ਝੜ ਜਾਣਾ, ਗਰਮ ਅਤੇ ਠੰਡੀ ਵਸਤੂ ਦਾ



ਪਤਾ ਨਾ ਲੱਗਣਾ, ਚਿਹਰਾ ਚਮਕਦਾਰ ਹੋਣਾ, ਪਸੀਨਾ ਨਾ ਆਉਣਾ ਆਦਿ ਕੁਸ਼ਟ ਰੋਗ ਦੇ ਲੱਛਣ ਹੋ

ਸਕਦੇ ਹਨ। ਇਸ ਬਿਮਾਰੀ ਦਾ ਸਮੇਂ ਸਿਰ ਪਤਾ ਲਗਾ ਕੇ ਇਸ ਦਾ ਇਲਾਜ ਕਰਵਾਉਣਾ ਅਤਿ ਜ਼ਰੂਰੀ ਹੁੰਦਾ ਹੈ ਤਾਂ ਜੋ ਵਿਅਕਤੀ ਨੂੰ ਇਸ ਰੋਗ ਨਾਲ ਹੋਣ ਵਾਲੀ ਅਪੰਗਤਾ ਤੋਂ ਬਚਾਇਆ ਜਾ ਸਕੇ। ਇਸ ਦਾ ਇਲਾਜ ਸਾਰੇ ਸਰਕਾਰੀ ਸਿਹਤ ਕੇਂਦਰਾਂ ਵਿਚ ਮੁਫ਼ਤ ਕੀਤਾ ਜਾਂਦਾ ਹੈ। ਇਸ ਮੌਕੇ ਡਿਪਟੀ ਮਾਸ ਮੀਡੀਆ ਅਫ਼ਸਰ ਸ਼ਰਨਦੀਪ ਸਿੰਘ, ਸੁਖਦਿਆਲ ਸਿੰਘ,ਲੈਪਰੋਸੀ ਐਨ.ਐਮ.ਐਸ ਗੁਰਿੰਦਰਜੀਤ ਸਿੰਘ,ਬੀਸੀਸੀ ਜੋਤੀ ਅਨੰਦ, ਬੀਹੀ ਰਵਿੰਦਰ ਜੱਸਲ ਆਦਿ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਨੇ ਵਿਰਾਸਤੀ ਗਲੀ ਵਿੱਚ ਚਲ ਰਹੇ ਕੰਮਾਂ ਨੂੰ ਲੈ ਕੇ ਨਗਰ ਨਿਗਮ ਅਧਿਕਾਰੀਆਂ ਨਾਲ ਕੀਤੀ ਬੈਠਕ



ਅੰਮ੍ਰਿਤਸਰ(ਲੋਕ ਬਾਣੀ)-ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਨੇ ਅੰਕੜਾ ਵਿਭਾਗ ਅਤੇ ਨਗਰ ਨਿਗਮ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ ਕਿਹਾ ਕਿ ਵਿਰਾਸਤੀ ਗਲੀ ਵਿਖੇ ਚਲ ਰਹੇ ਕੰਮਾਂ ਵਿੱਚ ਤੇਜੀ ਲਿਆਂਦੀ ਜਾਵੇ ਅਤੇ ਹਦਾਇਤ ਕੀਤੀ ਕਿ ਯਾਤਰੂਆਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੈਂਬਰ ਰਾਜ ਸਭਾ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਹੈਰੀਟੇਜ ਸਟਰੀਟ ਵਿਖੇ ਵੱਖ-ਵੱਖ ਕੰਮਾਂ ਨੂੰ ਕਰਵਾਉਣ ਲਈ 1,50,60,806 ਰੁਪਏ ਦੀ ਗ੍ਰਾਂਟ ਜਾਰੀ ਕੀਤੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਗ੍ਰਾਂਟ ਰਾਹੀਂ ਹੈਰੀਟੇਜ ਸਟਰੀਟ ਦੀ ਮੁਰੰਮਤ, 2 ਗੌਫ ਕਾਰਟ, ਡਸਟਬਿਨ, 1 ਸਵੀਪਿੰਗ ਮਸ਼ੀਨ, ਨਵੇਂ ਪੌਦੇ ਲਗਾਉਦ ਸਬੰਧੀ ਅਤੇ ਹੈਰੀਟੇਜ ਸਟਰੀਟ ਵਿਖੇ ਨਵੀਆਂ ਲਾਈਟਾਂ ਲਗਾਈਆਂ ਜਾਣਗੀਆਂ। ਉਨਾਂ ਦੱਸਿਆ ਕਿ ਮਾਨਯੋਗ ਡਾ.ਸਾਹਨੀ ਵਲੋਂ ਕਿਹਾ ਗਿਆ ਹੈ ਕਿ 2 ਗੌਫ ਕਾਰਟ ਨੂੰ ਚਲਾਉਣ ਲਈ 2 ਡਰਾਈਵਰਾਂ ਦੀ ਆਉਟਸੋਰਸ ਰਾਹੀਂ ਭਰਤੀ ਕੀਤੀ ਜਾਵੇਗੀ ਅਤੇ ਇਨਾਂ ਦੀ ਤਨਖਾਹ ਐਮ.ਪੀ. ਲੈਂਡ ਫੰਡ ਵਿਚੋਂ ਕੀਤੀ ਜਾਵੇਗੀ। ਸਾਹਨੀ ਨੇ ਦੱਸਿਆ ਕਿ ਹੈਰੀਟੇਜ ਸਟਰੀਟ ਵਿਖੇ ਡਸਟਬਿਨ ਹਰ ਚੌਕ ਚੁਰਾਹੇ ਵਿਚ ਰੱਖੇ ਜਾਣ ਅਤੇ ਸਵੀਪਿੰਗ ਮਸ਼ੀਨ ਦੀ ਖਰੀਦ ਜੈਮ ਪੋਰਟਲ ਰਾਹੀਂ ਖਰੀਦ ਕਰਕੇ ਦੱਸਿਆ ਜਾਵੇ। ਉਨਾਂ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਇਸ ਗ੍ਰਾਂਟ ਨਾਲ ਹੈਰੀਟੇਜ ਸਟਰੀਟ ਨੂੰ ਨਵੀਂ ਦਿਖ ਮਿਲੇਗੀ। ਉਨਾਂ ਸਮੂਹ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਮੁਕੰਮਲ ਕੀਤੇ ਗਏ ਕੰਮਾਂ ਦੀ ਸੂਚੀ ਉਨਾਂ ਨੂੰ ਤੁਰੰਤ ਮੁਹੱਈਆ ਕਰਵਾਈ ਜਾਵੇ। ਇਸ ਮੌਕੇ ਕੰਵਲਜੀਤ ਕੌਰ ਡਿਪਟੀ ਅੰਕੜਾ ਅਫ਼ਸਰ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

# ਬਲੱਡ ਬੈਂਕ ਫਗਵਾੜਾ 'ਚ ਲਗਾਇਆ ਦੰਦਾਂ ਤੇ ਜਬਾੜਿਆਂ ਦਾ 442ਵਾਂ ਲੜੀਵਾਰ ਕੈਂਪ

ਫਗਵਾੜਾ ( ਸੁਸ਼ੀਲ ਸ਼ਰਮਾ ) ਉਦਯੋਗਪਤੀ ਕੇ.ਕੇ. ਸਰਦਾਨਾ ਦੀ ਸਰਪ੍ਰਸਤੀ ਹੇਠ ਸਥਾਨਕ ਗੁਰੂ ਹਰਗੋਬਿੰਦ ਨਗਰ ਵਿਖੇ ਸੰਚਾਲਿਤ ਬਲੱਡ ਬੈਂਕ ਵਿੱਚ ਮਾਤਾ ਠਾਕੁਰ ਦੇਵੀ ਅਤੇ ਨਾਨਕ ਚੰਦ ਸੇਠੀ ਦੀ ਮਿੱਠੀ ਯਾਦ ਨੂੰ ਸਮਰਪਿਤ 442ਵਾਂ ਦੰਦਾਂ ਅਤੇ ਜਬਾੜਿਆਂ ਦਾ ਫਰੀ ਕੈਂਪ ਬਲਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖ-ਰੇਖ ਹੇਠ ਲਗਾਇਆ ਗਿਆ। ਜਿਸ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਪਹੁੰਚੀਆਂ ਐਲ.ਪੀ.ਯੂ. ਦੇ ਡਿਪਲੋਮਾ ਮੈਡੀਕਲ ਲੈਬਾਰਟਰੀ ਟੈਕਨੀਸ਼ੀਨ ਵਿਭਾਗ ਦੀਆਂ ਵਿਦਿਆਰਥਣਾਂ ਮਬਾਲਿੰਗ ਵਾਸੀ ਜਾਮਬੀਆ ਅਤੇ ਮਵਾਜਮਾ ਵਾਸੀ ਤਨਜਾਨੀਆ ਵਲੋਂ ਸਾਂਝੇ ਤੌਰ ਤੇ ਕਰਵਾਇਆ ਗਿਆ। ਉਹਨਾਂ ਆਪਣੇ ਕਰ ਕਮਲਾਂ ਨਾਲ 2 ਲੋੜਵੰਦਾਂ ਨੂੰ ਨਵੇਂ ਤਿਆਰ ਕੀਤੇ ਜਬਾੜੇ ਵੀ ਵੰਡੇ। ਮੁੱਖ ਮਹਿਮਾਨਾਂ ਦਾ ਸਵਾਗਤ ਰੋਟੇਰੀਅਨ ਐਸ.ਪੀ. ਸੇਠੀ ਵਲੋਂ ਕੀਤਾ ਗਿਆ। ਕੈਂਪ ਦੌਰਾਨ ਸੀ.ਐਮ.ਸੀ ਲੁਧਿਆਣਾ ਤੋਂ ਪਹੁੰਚੀ ਮਾਹਿਰ ਡਾਕਟਰਾਂ ਦੀ 25 ਮੈਂਬਰੀ ਮੋਬਾਈਲ ਟੀਮ ਨੇ ਡਾ. ਸਾਹਿਲ



ਪਾਲ ਦੀ ਅਗਵਾਈ ਹੇਠ 125 ਮਰੀਜ਼ਾਂ ਦੇ ਦੰਦਾਂ ਦੀ ਜਾਂਚ ਕੀਤੀ। ਲੋੜਵੰਦਾਂ ਦੇ ਦੰਦ ਸਾਫ਼ ਕੀਤੇ ਗਏ ਅਤੇ ਲੋੜ ਅਨੁਸਾਰ ਦਵਾਈਆਂ ਦਿੱਤੀਆਂ ਗਈਆਂ। ਇਸ ਤੋਂ ਇਲਾਵਾ ਮਰੀਜਾਂ ਦੇ ਖਰਾਬ ਹੋਏ ਦੰਦਾਂ ਦੀ ਭਰਾਈ ਵੀ ਕੀਤੀ ਗਈ। ਕੈਂਪ ਦੌਰਾਨ 25 ਨਵੇਂ ਜਬਾੜੇ ਬਣਾਉਣ ਦੀ ਅਗਲੀ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਿਆ ਗਿਆ। ਰਘਬੋਤਰਾ ਨੇ ਦੱਸਿਆ ਕਿ ਅਗਲਾ ਕੈਂਪ 16 ਦਸੰਬਰ ਦਿਨ ਸੋਮਵਾਰ ਨੂੰ ਲਗਾਇਆ ਜਾਵੇਗਾ। ਇਸ ਮੌਕੇ ਕੁਲਦੀਪ ਦੁੱਗਲ, ਗੁਲਸ਼ਨ ਕਪੂਰ, ਰੂਪ ਲਾਲ, ਮੋਹਨ ਲਾਲ ਤਨੇਜਾ, ਸੁਧਾ ਬੇਦੀ, ਨਰਿੰਦਰ ਸਿੰਘ ਸੈਣੀ, ਬਲਵੰਤ ਰਾਮ, ਮੁਕੇਸ਼ ਕੁਮਾਰ ਆਦਿ ਹਾਜ਼ਰ ਸਨ।

# ਲਾਇਨਜ਼ ਕਲੱਬ ਨੇ ਲੋੜਵੰਦਾਂ ਨੂੰ ਮਹੀਨਾਵਾਰ ਰਾਸ਼ਨ ਵੰਡਿਆ



ਡੇਰਾਬਸੀ, (ਲੋਕ ਬਾਣੀ) ਲਾਇਨਜ਼ ਕਲੱਬ ਡੇਰਾਬੱਸੀ ਵੱਲੋਂ ਖਟੀਕ ਧਰਮਸ਼ਾਲਾ ਵਿੱਚ ਮਹੀਨਾਵਾਰ ਰਾਸ਼ਨ ਵੰਡਿਆ ਗਿਆ। ਲਾਇਨਜ਼ ਕਲੱਬ ਦੇ ਸੀਨੀਅਰ ਮੈਂਬਰ ਬਲਕਾਰ ਸਿੰਘ ਨੇ ਦੱਸਿਆ ਕਿ ਲਾਇਨਜ਼ ਕਲੱਬ ਹਰ ਮਹੀਨੇ 30 ਤੋਂ ਵੱਧ ਪਰਿਵਾਰਾਂ ਨੂੰ ਰਾਸ਼ਨ ਵੰਡਦਾ ਹੈ। ਉਨ੍ਹਾਂ ਕਿਹਾ ਕਿ ਹਰ ਪਰਿਵਾਰ ਨੂੰ ਆਧਾਰ ਕਾਰਡ ਆਦਿ ਲੈ ਕੇ ਹੀ ਰਾਸ਼ਨ ਦਿੱਤਾ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਹਰੇਕ ਪਰਿਵਾਰ ਨੂੰ ਇੱਕ ਮਹੀਨੇ ਲਈ 5 ਵਿਅਕਤੀਆਂ ਦਾ ਰਾਸ਼ਨ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਗਲੀ ਵਾਰ ਲੋੜਵੰਦ ਲੋਕਾਂ ਨੂੰ ਰਾਸ਼ਨ ਦੇ ਨਾਲ ਗਰਮ ਕੰਬਲ ਵੀ ਦਿੱਤੇ ਜਾਣਗੇ। ਇਸ ਮੌਕੇ ਲਾਇਨ ਬਰਖਾ ਰਾਮ, ਲਾਇਨ ਠੇਕੇਦਾਰ ਪ੍ਰੇਮ ਸਿੰਘ ਆਦਿ ਹਾਜ਼ਰ ਸਨ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਜੋਗਿੰਦਰ ਸਿੰਘ ਮਾਨ ਨੇ ਉਂਕਾਰ ਨਗਰ ਤੇ ਆਦਰਸ਼ ਨਗਰ 'ਚ ਸ਼ੁਰੂ ਕਰਵਾਏ ਵਿਕਾਸ ਦੇ ਕੰਮ



ਫਗਵਾੜਾ ( ਸੁਸ਼ੀਲ ਸ਼ਰਮਾ ) ਆਮ ਆਦਮੀ ਪਾਰਟੀ ਵਿਧਾਨਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਅੱਜ ਸ਼ਹਿਰ ਦੇ ਮੁਹੱਲਾ ਓਂਕਾਰ ਨਗਰ ਅਤੇ ਆਦਰਸ਼ ਨਗਰ ਵਿਖੇ ਵਿਕਾਸ ਕਾਰਜਾਂ ਨੂੰ ਤਰਜੀਹ ਦਿੰਦੇ 60 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵੱਖ-ਵੱਖ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ।

ਇਸ ਮੌਕੇ ਉਨ੍ਹਾਂ ਨੇ ਹਾਜਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼ਹਿਰ ਦੇ ਵਿਕਾਸ ਨੂੰ ਪਹਿਲ ਤੇ ਰੱਖਦੇ ਸਾਰੇ ਪੰਜਾਬ ਵਿੱਚ ਸ਼ਹਿਰ ਫਗਵਾੜਾ ਨੂੰ ਮਾਡਲ ਸਿਟੀ ਵਜੋਂ ਸਥਾਪਤ ਕਰਨ ਲਈ ਸਮੁੱਚੀ ਲੀਡਰਸ਼ਿਪ ਯਤਨਸ਼ੀਲ ਹੈ। ਉਹਨਾਂ ਭਰੋਸਾ ਦਿੱਤਾ ਕਿ ਜਲਦੀ ਹੀ ਹੋਣ ਜਾ ਰਹੀਆਂ ਕਾਰਪੋਰੇਸ਼ਨ ਚੋਣਾਂ ਤੋਂ ਬਾਅਦ ਸ਼ਹਿਰੀ ਵਿਕਾਸ ਨੂੰ ਜੰਗੀ ਪੱਧਰ ਤੇ ਕਰਵਾਇਆ ਜਾਵੇਗਾ। ਫਗਵਾੜਾ ਦੀ ਵਿਕਾਸ ਪੱਖੋਂ ਨੁਹਾਰ ਬਦਲਣ ਦੀ ਗੱਲ ਵੀ ਉਹਨਾਂ ਕਹੀ, ਅਤੇ ਦਾਅਵੇ ਨਾਲ ਕਿਹਾ ਕਿ ਆਪ ਪਾਰਟੀ ਦੀ ਕਾਰਪੋਰੇਸ਼ਨ ਬਣਨ ਤੋਂ ਬਾਅਦ ਫਗਵਾੜਾ ਦਾ ਅਜਿਹਾ ਵਿਕਾਸ ਕਰਵਾਇਆ ਜਾਵੇਗਾ ਜੋ ਕਿ ਆਪਣੇ ਆਪ ਵਿਚ ਇੱਕ ਇਤਿਹਾਸ ਹੋਵੇਗਾ। ਉਂਕਾਰ ਨਗਰ ਅਤੇ ਆਦਰਸ਼ ਨਗਰ ਦੇ ਵਸਨੀਕਾਂ ਨੇ ਦੱਸਿਆ ਕਿ ਪਿਛਲੇ ਕਾਫੀ ਲੰਬੇ ਸਮੇਂ ਤੋਂ ਉਹਨਾਂ ਦੇ ਵਾਰਡਾਂ ਵਿਚ ਵਿਕਾਸ ਦੇ ਕੰਮ ਠੱਪ ਪਏ ਸਨ, ਪਰ ਹੁਣ ਖੁਸ਼ੀ ਦੀ ਗੱਲ ਹੈ ਕਿ ਆਪ ਪਾਰਟੀ ਦੀ ਸਰਕਾਰ ਵਲੋਂ ਜੋਗਿੰਦਰ ਸਿੰਘ ਮਾਨ ਦੇ ਉਪਰਾਲੇ ਸਦਕਾ ਵਿਕਾਸ ਦੇ ਕੰਮ ਸ਼ੁਰੂ ਹੋਣ ਜਾ ਰਹੇ ਹਨ। ਉਹਨਾਂ ਜੋਗਿੰਦਰ ਸਿੰਘ ਮਾਨ ਅਤੇ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਵੀ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਹਰਨੂਰ ਸਿੰਘ ਮਾਨ ਸਪੋਕਸ ਪਰਸਨ ਪੰਜਾਬ, ਹਰਮੇਸ਼ ਪਾਠਕ, ਗੁਰਦੀਪ ਸਿੰਘ ਦੀਪਾ, ਕੇ.ਕੇ. ਸ਼ਰਮਾ, ਓਮ ਪ੍ਰਕਾਸ਼ ਬਿੱਟੂ, ਵਿਜੇ ਬਸੰਤ ਨਗਰ, ਰਾਜੇਸ਼ ਕੌਂਸਲਰ, ਸੁਖਦੇਵ ਸਿੰਘ ਲੱਲ, ਅੰਕੁਸ਼ ਉਹਰੀ, ਨੇਹਾ ਉਹਰੀ, ਵਰਿੰਦਰ ਢੀਂਗਰਾ ਪ੍ਰਿਤਪਾਲ ਕੌਰ ਤੁਲੀ, ਸਮਰ ਗੁਪਤਾ, ਬਲਵੀਰ ਠਾਕੁਰ, ਗੁਰਦੀਪ ਸਿੰਘ ਤੁਲੀ, ਜਸਦੇਵ ਪ੍ਰਿੰਸ, ਨਵਨੀਤ ਉੱਪਲ, ਸ਼ਿਵ ਕੁਮਾਰ ਗਿੱਲ, ਅਲਕਾ ਰਾਣੀ ਤੋਂ ਇਲਾਵਾ ਹੋਰ ਪਤਵੰਤੇ ਵੱਡੀ ਗਿਣਤੀ ਵਿਚ ਹਾਜਰ ਸਨ।

# ਵਿਸ਼ਵ ਏਡਜ ਦਿਵਸ ਸੰਬਧੀ ਜਿਲਾ ਪੱਧਰੀ ਜਾਗਰੂਕਤਾ ਮੁਹਿੰਮ ਦਾ ਕੀਤਾ ਆਗਾਜ



ਅੰਮ੍ਰਿਤਸਰ (ਲੋਕ ਬਾਣੀ) ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਵਲ ਸਰਜਨ ਡਾ.ਕਿਰਨਦੀਪ ਕੌਰ ਦੀ ਅਗਵਾਈ ਹੇਠ ਦਫਤਰ ਸਿਵਲ ਸਰਜਨ ਤੋਂ ਵਿਸ਼ਵ ਏਡਜ ਦਿਵਸ ਜਾਗੂਕਤਾ ਮੁਹਿੰਮ ਦਾ ਆਗਾਜ ਜਿਲਾ ਪੱਧਰੀ ਵਰਕਾਸ਼ਪ,ਰੈਲੀ ਅਤੇ ਨੁਕੜ ਨਾਟਕ ਕਰਵਾ ਕੇ ਕੀਤਾ ਗਿਆ। ਇਸ ਸਮਾਗਮ ਦੌਰਾਨ ਸਵਾਮੀ ਵਿਵੇਕਾਨੰਦ ਮੈਡੀਕਲ ਮਿਸਨ,ਅਭਿਵਿਅਕਤੀ ਫਾਓਡੇਸ਼ਨ, ਮਨਸਾ ਫਾਓਡੇਸ਼ਨ, ਆਰ.ਪੀ ਫਾਓਡੇਸ਼ਨ,ਸਵੇਰਾ ਸੁਸਾਇਟੀ,ਸ਼ੇਪ ਇੰਡੀਆ, ਐਲ ਵੁਮੈਨ ਕਾਨਫਰੈਂਸ,ਲਿੰਕ ਵਰਕਰ ਸਕੀਮ ਐਨ.ਜੀ.ਓ. ਦੇ ਨੁਮਾਇੰਦੇ ਸ਼ਾਮਲ ਹੋਏ। ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਅੰਮ੍ਰਿਤਸਰ ਡਾ.ਕਿਰਨਦੀਪ ਕੌਰ ਨੇ ਕਿਹਾ ਕਿ ਐਚ.ਆਈ.ਵੀ./ਏਡਜ ਸੰਬਧੀ ਜਾਣਕਾਰੀ ਅਤੇ ਸਾਵਧਾਨੀ ਹੀ ਇਸਦਾ ਦਾ ਇਲਾਜ ਹੈ। ਜੇਕਰ ਕਿਸੇ ਵੀ ਵਿਅਕਤੀ ਨੂੰ ਇਸ ਦੇ ਕੋਈ ਵੀ ਲੱਛਣ ਨਜਰ ਆਉਣ ਤਾਂ ਉਹ ਤੁਰੰਤ ਨਜਦੀਕੀ ਸਰਕਾਰੀ ਹਸਪਤਾਲ ਜਾਂ ਆਈ.ਸੀ.ਟੀ.ਸੀ. ਸ਼ੈਂਟਰ ਤੇ ਜਾ ਕੇ ਆਪਣੀ ਜਾਂਚ ਕਰਵਾ ਕੇ, ਏ.ਆਰ.ਟੀ ਸੈਂਟਰ ਤੋਂ ਆਪਣਾਂ ਇਲਾਜ ਕਰਵਾ ਸਕਦਾ ਹੈ।ਇਹਨਾਂ ਸੈਂਟਰਾਂ ਵਿਚ ਮੁਫਤ ਜਾਂਚ, ਇਲਾਜ ਅਤੇ ਕੌਸਲਿਗ ਕੀਤੀ ਜਾਂਦੀ ਹੈ ਅਤੇ ਮਰੀਜ ਦਾ ਨਾਮ-ਪਤਾ ਅਤੇ ਰਿਕਾਰਡ ਗੁਪਤ ਰੱਖਿਆ ਜਾਂਦਾ ਹੈ। ਉਹਨਾਂ ਕਿਹਾ ਕਿ ਏਡਜ ਦੇ ਮਰੀਜਾਂ ਨਾਲ ਬਿਨਾਂ ਕਿਸੇ ਭੇਦਭਾਵ ਦੇ ਪੇਸ਼ ਆਉਣਾਂ ਚਾਹੀਦਾ ਹੈ ਅਤੇ ਉਹਨਾਂ ਦੇ ਇਲਾਜ ਵਿਚ ਸਹਿਯੋਗ ਕਰਨਾਂ ਚਾਹੀਦਾ ਹੈ। ਇਸ ਮੌਕੇ ਜਿਲਾ ਏਡਜ ਕੰਟਰੋਲ ਅਫਸਰ ਡਾ.ਵਿਜੇ ਗੋਤਵਾਲ ਵਲੋਂ ਲੋਕਾਂ ਨੂੰ ਏਡਜ ਦੇ ਕਾਰਣ, ਲੱਛਣ ਅਤੇ ਬਚਾਓ ਸੰਬਧੀ ਵਿਸ਼ੇਸ਼ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ.ਰਜਿੰਦਰਪਾਲ ਕੌਰ, ਪਰਿਵਾਰ ਭਲਾਈ ਅਫਸਰ ਡਾ.ਨੀਲਮ ਭਗਤ, ਡੀ.ਡੀ.ਐਚ.ਓ. ਡਾ.ਜਗਨਜੋਤ ਕੌਰ, ਸਿਹਤ ਅਫਸਰ ਡਾ.ਜਸਪਾਲ ਸਿੰਘ, ਐਮ.ਈ.ਆਈ.ਓ. ਅਮਰਦੀਪ ਸਿੰਘ,ਡੈਪਕੋ ਸਟਾਫ ਸ਼ਿਖਾ,ਅੰਜੂ, ਸਮੂਹ ਆਈ.ਸੀ.ਟੀ.ਸੀ. ਅਤੇ ਏ.ਆਰ.ਟੀ. ਸਟਾਫ ਹਾਜਰ ਸਨ।

# ਜਨਤਕ ਸਥਾਨਾਂ ਨੂੰ ਕੂੜਾ ਡੰਪ ਬਣਨ ਤੋਂ ਸਖਤੀ ਨਾਲ ਰੋਕਿਆ ਜਾਵੇ - ਧਾਲੀਵਾਲ



ਅੰਮ੍ਰਿਤਸਰ (ਲੋਕ ਬਾਣੀ)-ਕੈਬਨਿਟ ਮੰਤਰੀ ਸ ਕੁਲਦੀਪ ਸਿੰਘ ਧਾਲੀਵਾਲ ਨੇ ਜ਼ਿਲ੍ਹੇ ਦੇ ਵਿਧਾਇਕਾਂ ਨਾਲ ਸ਼ਹਿਰ ਦੀਆਂ ਸਮੱਸਿਆਵਾਂ ਅਤੇ ਲੋੜਾਂ ਸਬੰਧੀ ਮੀਟਿੰਗ ਕਰਨ ਤੋਂ ਬਾਅਦ ਹਲਕਾ ਨੌਰਥ ਅਧੀਨ ਆਉਂਦੇ ਇਲਾਕੇ ਰਣਜੀਤ ਐਵਨਿਊ ਈ ਬਲਾਕ ਸਥਿਤ ਜੀ.ਟੀ ਰੋਡ ਨਾਲ ਲੱਗਦੀ ਉਸ ਥਾਂ ਦਾ ਦੌਰਾ ਕੀਤਾ ਜਿੱਥੇ ਕਿ ਆਰਜੀ ਤੌਰ ਉੱਤੇ ਕੂੜਾ ਡੰਪ ਹੀ ਬਣਦਾ ਜਾ ਰਿਹਾ ਹੈ। ਉਹਨਾਂ ਨੇ ਕਿਹਾ ਕਿ ਕਰੀਬ 11 ਏਕੜ ਇਹ ਜਮੀਨ ਜਿੱਥੇ ਸ਼ਹਿਰ ਦੀ ਪੌਸ਼ ਕਲੋਨੀ ਦੇ ਨਾਲ ਲੱਗਦੀ ਹੈ, ਉੱਥੇ ਜੀ.ਟੀ ਰੋਡ ਤੋਂ ਸ਼ਹਿਰ ਨੂੰ ਆਉਂਦੇ ਪ੍ਰਵੇਸ਼ ਦੁਆਰ ਦਾ ਵੀ ਅੰਗ ਹੈ। ਧਾਲੀਵਾਲ ਨੇ ਕਿਹਾ ਕਿ ਇਸ ਜੀ.ਟੀ ਰੋਡ ਤੋਂ ਰੋਜ਼ਾਨਾ ਲੰਘਦੇ ਲੱਖਾਂ ਲੋਕ ਅਤੇ ਨਾਲ ਲੱਗਦੀਆਂ ਕਾਲੋਨੀਆਂ ਦੇ ਵਾਸੀਆਂ ਉੱਤੇ ਇਸ ਕੂੜਾ ਡੰਪ ਤੋਂ ਸ਼ਹਿਰ ਦੀ ਵਿਵਸਥਾ ਦਾ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ ਜਿਸ ਨੂੰ ਤੁਰੰਤ ਦੂਰ ਕੀਤਾ ਜਾਵੇ। ਉਹਨਾਂ ਨੇ ਕਿਹਾ ਕਿ ਅਜਿਹੇ ਲੋਕਾਂ ਨਾਲ ਸਖਤੀ ਨਾਲ ਪੇਸ਼ ਆਇਆ ਜਾਵੇ ਜੋ ਕਿ ਅਜਿਹੀਆਂ ਜਨਤਕ ਥਾਵਾਂ ਉੱਤੇ ਕੂੜੇ ਦੇ ਢੇਰ ਪੈਦਾ ਕਰ ਰਹੇ ਹਨ।

ਇਸ ਮੌਕੇ ਕਮਿਸ਼ਨਰ ਕਾਰਪੋਰੇਸ਼ਨ ਗੁਲਪ੍ਰੀਤ ਸਿੰਘ ਔਲਖ ਨੇ ਭਰੋਸਾ ਦਵਾਇਆ ਕਿ ਸ਼ਹਿਰ ਦੀਆਂ ਵੱਡੀਆਂ ਗਲੀਆਂ ਵਿੱਚ ਸਥਿਤ ਘਰਾਂ ਤੋਂ ਕੂੜੇ ਦੀ ਲਿਫਟਿੰਗ ਤਾਂ ਕੀਤੀ ਹੀ ਜਾ ਰਹੀ ਹੈ ਹੁਣ ਛੋਟੀਆਂ ਗੱਡੀਆਂ ਦੇ ਨਾਲ ਛੋਟੀਆਂ ਗਲੀਆਂ ਤੱਕ ਵੀ ਸਾਡੀ ਪਹੁੰਚ ਹੋ ਰਹੀ ਹੈ। ਜਿਸ ਨਾਲ ਅਜਿਹੀਆਂ ਥਾਵਾਂ ਉੱਤੇ ਕੂੜਾ ਸੁੱਟਣ ਦੀ ਨੌਬਤ ਭਵਿੱਖ ਵਿੱਚ ਨਹੀਂ ਆਵੇਗੀ। ਇਸ ਮੌਕੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ, ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਉਹਨਾਂ ਦੇ ਨਾਲ ਸਨ।

# ਕਾਰਪੋਰੇਸ਼ਨ ਚੋਣਾਂ 'ਚ ਆਜਾਦ ਉਮੀਦਵਾਰ ਖੜੇ ਕਰਨ ਸਬੰਧੀ ਸਿਆਸੀ ਆਗੂਆਂ ਤੋਂ ਨਿਰਾਸ਼ ਸ਼ਹਿਰੀਆਂ ਦੀ ਹੋਈ ਮੀਟਿੰਗ



ਫਗਵਾੜਾ ( ਸੁਸ਼ੀਲ ਸ਼ਰਮਾ ) ਕਾਰਪੋਰੇਸ਼ਨ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਬੇਸ਼ਕ ਹਾਲੇ ਚੋਣ ਕਮਿਸ਼ਨ ਪੰਜਾਬ ਵਲੋਂ ਕੀਤਾ ਜਾਣਾ ਬਾਕੀ ਹੈ, ਪਰ ਲੰਬੇ ਅੰਤਰਾਲ ਤੋਂ ਬਾਅਦ ਫਗਵਾੜਾ ਕਾਰਪੋਰੇਸ਼ਨ ਦੀਆਂ ਹੋਣ ਜਾ ਰਹੀਆਂ ਚੋਣਾਂ ਤੋਂ ਪਹਿਲਾਂ ਇੱਥੋਂ ਦੇ ਸਿਆਸੀ ਸਮੀਕਰਣਾਂ ਵਿਚ ਰੋਜਾਨਾ ਹੀ ਨਵਾਂ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ। ਇੱਕ ਪਾਸੇ ਜਿੱਥੇ ਕਿਸੇ ਵੀ ਸਿਆਸੀ ਪਾਰਟੀ ਦਾ ਕਿਸੇ ਧਿਰ ਨਾਲ ਗਠਜੋੜ ਨਾ ਹੋਣ ਕਰਕੇ ਸ਼ਹਿਰ ਦੇ ਕੁੱਲ ਪੰਜਾਹ ਵਾਰਡਾਂ ਵਿਚ ਉਮੀਦਵਾਰਾਂ ਦੀ ਤਲਾਸ਼ ਹਰੇਕ ਪਾਰਟੀ ਲਈ ਮੁਸ਼ਕਲ ਹੋ ਰਹੀ ਹੈ, ਉੱਥੇ ਹੀ ਕਾਰਪੋਰੇਸ਼ਨ ਚੋਣਾਂ ਵਿਚ ਜੋਰ ਅਜਮਾਇਸ਼ ਕਰਨ ਦੇ ਚਾਹਵਾਨ ਰੋਜਾਨਾ ਇੱਕ ਪਾਰਟੀ ਨੂੰ ਛੱਡ ਕੇ ਦੂਸਰੀ ਪਾਰਟੀ ਦਾ ਲੜ ਫੜ ਰਹੇ ਹਨ। ਇਸੇ ਅਦਲਾ-ਬਦਲੀ ਤੋਂ ਆਹਤ ਫਗਵਾੜਾ ਦੇ ਵੱਖ-ਵੱਖ ਵਾਰਡਾਂ ਦੇ ਪਤਵੰਤਿਆਂ ਦੀ ਇੱਕ ਮੀਟਿੰਗ ਜਤਿੰਦਰ ਸਿੰਘ ਪਲਾਹੀ ਦੀ ਅਗਵਾਈ ਹੇਠ ਹੋਈ। ਜਿਸ ਵਿਚ ਜਸਵਿੰਦਰ ਸਿੰਘ ਘੁੰਮਣ, ਮੋਹਨ ਸਿੰਘ ਸਾਂਈ, ਜਸਵੀਰ ਸਿੰਘ ਭੁੱਲਾਰਾਈ, ਪ੍ਰਦੀਪ ਬਸਰਾ, ਇੰਦਰਜੀਤ ਸਿੰਘ ਬਸਰਾ, ਸਤਨਾਮ ਸਿੰਘ, ਹਰਵਿੰਦਰ ਸਿੰਘ, ਉਂਕਾਰ ਸਿੰਘ, ਦਿਲਰਾਜ ਸਿੰਘ ਆਦਿ ਨੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਵਾਰਡ ਪੱਧਰ ਤੇ ਆਜਾਦ ਉਮੀਦਵਾਰ ਖੜੇ ਕਰਨ ਬਾਰੇ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਉਪਰੰਤ ਜਾਣਕਾਰੀ ਦਿੰਦੇ ਹੋਏ ਜਤਿੰਦਰ ਸਿੰਘ ਪਲਾਹੀ ਅਤੇ ਹੋਰਨਾਂ ਨੇ ਕਿਹਾ ਕਿ ਫਗਵਾੜਾ ਕਾਰਪੋਰੇਸ਼ਨ ਨੂੰ ਭੰਗ ਹੋਏ ਕਈ ਸਾਲ ਬੀਤ ਚੁੱਕੇ ਹਨ ਜਿਸ ਕਰਕੇ ਸ਼ਹਿਰ ਦਾ ਵਿਕਾਸ ਠੱਪ ਪਿਆ ਹੈ। ਹੁਣ ਜਦੋਂ ਇਹ ਚੋਣਾਂ ਹੋਣ ਜਾ ਰਹੀਆਂ ਹਨ ਤਾਂ ਸ਼ਹਿਰ ਦੇ ਬੁੱਧੀਜੀਵੀ ਵਰਗ ਦਾ ਇਹ ਫਰਜ਼ ਬਣਦਾ ਹੈ ਕਿ ਅਜਿਹੇ ਉਮੀਦਵਾਰਾਂ ਨੂੰ ਕੌਂਸਲਰ ਚੁਣਿਆ ਜਾਵੇ ਜੋ ਕਿ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਆਪਣੇ ਵਾਰਡ ਦਾ ਵਿਕਾਸ ਕਰਵਾਉਣ ਦੀ ਸਮਰੱਥਾ ਰੱਖਦੇ ਹੋਣ। ਪਰ ਜਿਸ ਤਰ੍ਹਾਂ ਨਾਲ ਕੌਂਸਲਰ ਬਣਨ ਦੀ ਚਾਹਤ ਵਿਚ ਪਾਰਟੀਆਂ ਦੇ ਵਰਕਰ ਇੱਧਰ-ਉੱਧਰ ਜਾ ਰਹੇ ਹਨ, ਉਸਨੂੰ ਦੇਖਦੇ ਹੋਏ ਲੱਗਦਾ ਨਹੀਂ ਕਿ ਉਹਨਾਂ ਵਲੋਂ ਕੌਂਸਲਰ ਬਣਨ ਤੋਂ ਬਾਅਦ ਵਾਰਡਾਂ ਦੇ ਵਿਕਾਸ ਨੂੰ ਤਰਜੀਹ ਦਿੱਤੀ ਜਾਵੇਗੀ। ਜੇਕਰ ਕਿਸੇ ਉਮੀਦਵਾਰ ਦਾ ਆਪਣੇ ਵਾਰਡ ਵਿਚ ਚੰਗਾ ਰਸੂਖ ਹੈ ਤਾਂ ਉਹ ਕਿਸੇ ਪਾਰਟੀ ਸਿੰਬਲ ਦਾ ਮੋਹਤਾਜ ਨਹੀਂ ਹੋ ਸਕਦਾ। ਇਸ ਕਰਕੇ ਮੀਟਿੰਗ ਵਿਚ ਸ਼ਹਿਰ ਦੇ ਵੱਖ-ਵੱਖ ਵਾਰਡਾਂ ਤੋਂ ਚੰਗੀ ਇਮੇਜ ਵਾਲੇ ਆਜਾਦ ਉਮੀਦਵਾਰ ਖੜੇ ਕਰਨ ਬਾਰੇ ਵਿਚਾਰਾਂ ਕੀਤੀਆਂ ਗਈਆਂ ਹਨ। ਉਹਨਾਂ ਕਿਹਾ ਕਿ ਜਲਦੀ ਹੀ ਅਗਲੀ ਮੀਟਿੰਗ ਚੋਣ ਤਰੀਕਾਂ ਦੇ ਐਲਾਨ ਤੋਂ ਬਾਅਦ ਕੀਤੀ ਜਾਵੇਗੀ।

ਤਸਵੀਰ ਸਮੇਤ।

# ਨੈਸ਼ਨਲ ਬੁੱਕ ਟਰੱਸਟ ਵੱਲੋਂ ਚੰਡੀਗੜ੍ਹ ਪੁਸਤਕ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ ਗਿਆ



ਚੰਡੀਗੜ੍ਹ। (ਲੋਕ ਬਾਣੀ) ਨੈਸ਼ਨਲ ਬੁੱਕ ਟਰੱਸਟ (ਐਨਬੀਟੀ) ਵੱਲੋਂ ਚੰਡੀਗੜ੍ਹ ਪੁਸਤਕ ਪ੍ਰਦਰਸ਼ਨੀ ਦਾ ਉਦਘਾਟਨ ਟੀ.ਐਸ. ਸੈਂਟ੍ਰਲ ਸਟੇਟ ਲਾਇਬ੍ਰੇਰੀ ਸੈਕਟਰ 17 ਚੰਡੀਗੜ੍ਹ ਵਿਖੇ ਪ੍ਰੀਤੀ ਸਕਸੈਨਾ, ਡੀ.ਸੀ., ਕੇਂਦਰੀ ਵਿਦਿਆਲਿਆ ਸੰਗਠਨ, ਬਿੰਦੂ ਅਰੋੜਾ, ਡਿਪਟੀ ਡਾਇਰੈਕਟਰ, ਸਿੱਖਿਆ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ, ਉੱਘੇ ਸਾਹਿਤਕਾਰ ਪ੍ਰੇਮ ਵਿਜ ਅਤੇ ਡਾ. ਵਿਨੋਦ ਸ਼ਰਮਾ ਦੀ ਸ਼ਾਨਦਾਰ ਹਾਜ਼ਰੀ ਵਿੱਚ ਕੀਤਾ ਗਿਆ। ਇਸ ਮੌਕੇ ਲਾਇਬ੍ਰੇਰੀਅਨ ਡਾ: ਨੀਜਾ ਸਿੰਘ ਨੇ ਸਕੂਲੀ ਬੱਚਿਆਂ, ਅਧਿਆਪਕਾਂ ਅਤੇ ਹੋਰ ਪਤਵੰਤਿਆਂ ਸਮੇਤ ਆਏ ਮਹਿਮਾਨਾਂ ਦਾ ਸਵਾਗਤ ਕੀਤਾ । ਮੁਕੇਸ਼ ਕੁਮਾਰ, ਸਹਾਇਕ, ਡਾਇਰੈਕਟਰ, ਐਨਬੀਟੀ ਨੇ ਐਨਬੀਟੀ ਦੇ ਟੀਚਿਆਂ, ਉਦੇਸ਼ਾਂ ਅਤੇ ਸਕੀਮਾਂ ਬਾਰੇ ਜਾਣੂ ਕਰਵਾਇਆ। ਪ੍ਰੀਤੀ ਸਕਸੈਨਾ ਨੇ ਬੱਚਿਆਂ ਨੂੰ ਪੜ੍ਹਨ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਕਿਤਾਬਾਂ ਗਿਆਨ ਦੀ ਦੁਨੀਆ ਵਿੱਚ ਪ੍ਰਵੇਸ਼ ਕਰਨ ਲਈ ਸਭ ਤੋਂ ਵਧੀਆ ਤੋਹਫ਼ਾ ਹਨ ਅਤੇ ਹਮੇਸ਼ਾ ਸਾਡੀਆਂ ਸਭ ਤੋਂ ਚੰਗੀਆਂ ਦੋਸਤ ਬਣੀਆਂ ਰਹਿੰਦੀਆਂ ਹਨ। ਬਿੰਦੂ ਅਰੋੜਾ ਨੇ ਵਾਜਬ ਕੀਮਤਾਂ ਤੇ ਐਨਬੀਟੀ ਕਿਤਾਬਾਂ ਦੀ ਚੰਗੀ ਸਮੱਗਰੀ ਅਤੇ ਗੁਣਵੱਤਾ ਦੀ ਸ਼ਲਾਘਾ ਕੀਤੀ। ਪ੍ਰਸਿੱਧ ਸਾਹਿਤਕਾਰ ਪ੍ਰੇਮ ਵਿੱਜ ਨੇ ਕਿਹਾ ਕਿ ਸਾਡੇ ਸੱਚੇ ਮਿੱਤਰ ਪੁਸਤਕ ਵਿੱਚ ਹਨ। ਇਸ ਰਾਹੀਂ ਵਿਅਕਤੀ ਉੱਚਤਮ ਪ੍ਰਾਪਤੀਆਂ ਪ੍ਰਾਪਤ ਕਰਦਾ ਹੈ। ਇਸ ਮੌਕੇ ਡਾ: ਵਿਨੋਦ ਸ਼ਰਮਾ, ਪੂਨਮ ਸੂਦ, ਨਰਿੰਦਰ ਸਿੰਘ ਅਤੇ ਨੀਲਮ ਬਾਂਸਲ ਵੀ ਹਾਜ਼ਰ ਸਨ । ਇਹ ਪ੍ਰਦਰਸ਼ਨੀ 8 ਦਸੰਬਰ, 2024 ਤੱਕ ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ ਖੁੱਲ੍ਹੀ ਰਹੇਗੀ। ਇਹ ਪ੍ਰਦਰਸ਼ਨੀ ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਭਾਸ਼ਾਵਾਂ ਵਿੱਚ ਹਰ ਉਮਰ ਵਰਗ ਲਈ ਵੱਖ-ਵੱਖ ਵਿਸ਼ਿਆਂ ਤੇ ©2" ਦੁਆਰਾ ਪ੍ਰਕਾਸ਼ਿਤ 15,000 ਤੋਂ ਵੱਧ ਸਿਰਲੇਖਾਂ ਨੂੰ ਪ੍ਰਦਰਸ਼ਿਤ ਕਰਦੀ ਹੈ। ਖਰੀਦਦਾਰੀ ਤੇ 10% ਦੀ ਛੋਟ ਦਿੱਤੀ ਜਾਂਦੀ ਹੈ।

# ਗੁਰੂ ਨਾਨਕ ਦੇਵ ਹਸਪਤਾਲ ਦੀ ਪਾਰਕਿੰਗ ਸਟੈਂਡ ਦੇ ਵਿਵਾਦ ਦਾ ਮਾਮਲਾ ਹਾਈਕੋਰਟ ਪਹੁੰਚਿਆ

ਅੰਮ੍ਰਿਤਸਰ (ਲੋਕ ਬਾਣੀ)- ਹੁਣ ਗੁਰੂ ਨਾਨਕ ਦੇਵ ਹਸਪਤਾਲ ਪਾਰਕਿੰਗ ਵਿੱਚ ਕਿਸੇ ਵੀ ਗੱਡੀ ਦੀ ਕੋਈ ਵੀ ਜ਼ਿੰਮੇਵਾਰ ਨਹੀਂ ਹੈ। ਸਾਈਕਲ ਅਤੇ ਸਕੂਟਰ ਕਾਰ ਪਾਰਕਿੰਗ ਸਟੈਂਡ ਰਾਮ ਭਰੋਸੇ ਹੀ ਚੱਲੇਗਾ। ਮੈਡੀਕਲ ਕਾਲਜ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਵਲੋਂ ਜਾਰੀ ਨੋਟਿਸ ਤੋਂ ਬਾਅਦ ਪਾਰਕਿੰਗ ਸਟੈਂਡ ਦੀ ਜ਼ਿੰਮੇਵਾਰੀ ਨਾ ਠੇਕੇਦਾਰਾਂ ਕੋਲ ਹੈ ਅਤੇ ਨਾ ਹੀ ਗੁਰੂ ਨਾਨਕ ਦੇਵ ਹਸਪਤਾਲ ਦੇ ਪ੍ਰਬੰਧਕਾਂ ਦੀ ਕੋਈ ਜ਼ਿੰਮੇਵਾਰੀ ਹੋਵੇਗੀ। ਲੋਕ ਖੁਦ ਆਪਣੇ ਦੋ ਅਤੇ ਚਾਰ ਪਹੀਆ ਵਾਹਨਾਂ ਦੇ ਖੁਦ ਜ਼ਿੰਮੇਦਾਰ ਹੋਣਗੇ। ਦੂਸਰੇ ਪਾਸੇ ਦੇਖਿਆ ਜਾਵੇ ਤਾਂ ਪਿਛਲੇ ਕਈ ਸਾਲਾਂ ਤੋਂ ਇੱਥੇ ਕੰਮ ਕਰ ਰਹੇ ਠੇਕੇਦਾਰ ਨੀਰਜ ਸ਼ਰਮਾ ਵੀ ਹਾਈ ਕੋਰਟ ਦੀ ਸ਼ਰਨ ਵਿੱਚ ਜਾ ਚੁੱਕੇ ਹਨ।




ਗੁਰੂ ਨਾਨਕ ਦੇਵ ਹਸਪਤਾਲ ਸਾਇਕਲ ਸਕੂਟਰ,ਕਾਰ ਪਾਰਕਿੰਗ ਸਟੈਂਡ ਦਾ ਵਿਵਾਦ ਹਾਈਕੋਰਟ ਪਹੁੰਚ ਚੁੱਕਾ ਹੈ। ਬੀਤੇ ਕੁਝ ਸਾਲਾਂ ਤੋਂ ਸਾਈਕਲ ਸਕੂਟਰ,ਕਾਰ ਪਾਰਕਿੰਗ ਸਟੈਂਡ ਦੀ ਬੋਲੀ ਨਾ ਹੋਣ ਕਾਰਨ ਮੈਡੀਕਲ ਸੁਪਰੀਡੈਂਟ ਵੱਲੋਂ ਜਾਰੀ ਨੋਟਿਸ ਦੇ ਮੁਤਾਬਿਕ 1 ਦਸੰਬਰ 2024 ਤੋਂ ਸਾਈਕਲ,ਸਕੂਟਰ,ਕਾਰ ਪਾਰਕਿੰਗ ਸਟੈਂਡ ਦਾ ਠੇਕਾ ਬੰਦ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ ਗਏ ਹਨ। ਇਸ ਸਬੰਧੀ ਮੈਡੀਕਲ ਸੁਪਰੀਡੈਂਟ ਵੱਲੋਂ ਆਦੇਸ਼ ਜਾਰੀ ਕੀਤੇ ਕਿ ਕਾਰ,ਸਕੂਟਰ,ਸਾਈਕਲ ਸਟੈਂਡ ਦੀ ਕੋਈ ਵੀ ਫੀਸ ਠੇਕੇਦਾਰ ਜਾਂ ਉਸ ਦੇ ਕਰਮਚਾਰੀਆਂ ਵੱਲੋਂ ਨਹੀਂ ਲਈ ਜਾਵੇਗੀ। ਅਗਰ ਕੋਈ ਪਾਰਕਿੰਗ ਸਟੈਂਡ ਨੂੰ ਲੈ ਕੇ ਕਿਸੇ ਕੋਲੋਂ ਕੋਈ ਪੈਸਾ ਲੈਂਦਾ ਹੈ ਤਾਂ ਉਸ ਦੇ ਖਿਲਾਫ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਜਾਣਕਾਰੀ ਮੁਤਾਬਿਕ ਕਰੋਨਾ ਕਾਲ ਤੋਂ ਪਹਿਲਾਂ ਸਲਾਨਾ ਠੇਕਾ 30 ਲੱਖ ਰੁਪਏ ਸਲਾਨਾ ਸੀ। ਕਰੋਨਾ ਦੌਰਾਨ ਤੋਂ ਬਾਅਦ ਸਟੈਂਡ ਦਾ ਠੇਕਾ ਹੋ ਗਿਆ 24 ਲੱਖ ਰੁਪਏ ਸਲਾਨਾ ਸੀ,ਪਰ ਪਿਛਲੇ ਤਿੰਨਾਂ ਸਾਲਾਂ ਤੋਂ ਬੋਲੀ ਨਹੀਂ ਹੋਈ। ਜਿਸ ਦੇ ਚੱਲਦਿਆਂ ਸਾਈਕਲ ਸਟੈਂਡ ਦੇ ਠੇਕੇਦਾਰ ਅਤੇ ਮੈਡੀਕਲ ਸੁਪਰੀਡੈਂਟ ਵਿੱਚ ਚੱਲ ਰਿਹਾ ਕਾਗਜੀ ਪੱਤਰੀ ਵਿਵਾਦ ਤੋਂ ਬਾਅਦ 2 ਦਸੰਬਰ 2024 ਨੂੰ ਮੈਡੀਕਲ ਸੁਪਰੀਡੈਂਟ ਗੁਰੂ ਨਾਨਕ ਦੇਵ ਹਸਪਤਾਲ ਵੱਲੋਂ ਸਮੁੱਚੇ ਹਸਪਤਾਲ ਵਿੱਚ ਪੋਸਟਰ ਲਗਾ ਦਿੱਤੇ ਗਏ ਹਨ ਕਿ ਹੁਣ ਕੋਈ ਵੀ ਪੈਸਾ ਮਰੀਜ਼ਾਂ ਜਾਂ ਉਹਨਾਂ ਦੇ ਵਾਰਸਾਂ ਵੱਲੋਂ ਸਾਈਕਲ ਸਕੂਟਰ ਕਾਰ ਪਾਰਕਿੰਗ ਸਟੈਂਡ ਦੀ ਦੇਣ ਦੀ ਜਰੂਰਤ ਨਹੀਂ ਹੈ।

ਦੂਸਰੇ ਪਾਸੇ ਪਾਰਕਿੰਗ ਦੇ ਠੇਕੇਦਾਰ ਹਾਈ ਕੋਰਟ ਸਟੇ ਲੈਣ ਲਈ ਹਾਈਕੋਰਟ ਤੱਕ ਸਟੇ ਲਈ ਪਹੁੰਚ ਗਏ ਹਨ। ਠੇਕੇਦਾਰ ਨੀਰਜ ਸ਼ਰਮਾ ਨੇ ਦੱਸਿਆ ਕਿ ਮੈਡੀਕਲ ਸੁਪਰੀਡੈਂਟ ਵੱਲੋਂ 26 ਨਵੰਬਰ ਨੂੰ ਜਾਰੀ ਪੱਤਰ ਵਿੱਚ ਦੱਸਿਆ ਕਿ ਪਾਰਕਿੰਗ ਦਾ ਠੇਕਾ ਰੱਦ ਕੀਤਾ ਜਾਂਦਾ ਹੈ। ਜਿਸ ਦਾ ਲਿਖਤ ਜਵਾਬ ਵੀ ਦੇ ਦਿੱਤਾ ਗਿਆ ਹੈ। ਨੀਰਜ ਸ਼ਰਮਾ ਨੇ ਕਿਹਾ ਕਿ ਉਹ ਲੋਕ ਹਤੈਸ਼ੀ ਸਹੂਲਤਾਂ ਨੂੰ ਦੇਖਦਿਆਂ ਸੁਚੱਜੇ ਤਰੀਕੇ ਦੇ ਨਾਲ ਪਾਰਕਿੰਗ ਸਟੈਂਡ ਦਾ ਕੰਮ ਦੇਖ ਰਹੇ ਹਨ। ਪਹਿਲਾਂ ਰਹੇ ਮੈਡੀਕਲ ਸੁਪਰਡੈਂਟ ਜੇ.ਪੀ ਅੱਤਰੀ ਦੇ ਸਮੇਂ ਲਿਖਤ ਜਾਰੀ ਕੀਤੀ ਗਈ ਸੀ ਕਿ ਜਦੋਂ ਤੱਕ ਪਾਰਕਿੰਗ ਸਟੈਂਡ ਦੀ ਬੋਲੀ ਨਹੀਂ ਹੋ ਜਾਂਦੀ ਜਾਂ ਕੋਈ ਨਵਾਂ ਠੇਕੇਦਾਰ ਨਹੀਂ ਆਉਂਦਾ ਤਾਂ ਪਾਰਕਿੰਗ ਸਟੈਂਡ ਦਾ ਕੰਮ ਪਹਿਲਾ ਠੇਕੇਦਾਰ ਹੀ ਦੇਖੇਗਾ। ਉਹਨਾਂ ਨੇ ਕਿਹਾ ਕਿ ਯਾਰੀ ਨੋਟਿਸ ਨੂੰ ਦੇਖਦਿਆਂ ਹਾਈਕੋਰਟ ਵਿੱਚ ਰਿਟ ਦਾਖਲ ਕਰ ਦਿੱਤੀ ਗਈ ਹੈ।

# ਨਜਾਇਜ਼ ਉਸਾਰੀਆਂ,ਨਜਾਇਜ਼ ਕਬਜ਼ਿਆਂ ਨੂੰ ਠੱਲ ਪਾਉਣ ਲਈ ਕੀ ਆਪ ਦੇ ਨੇਤਾ ਹੋਣਗੇ ਕਾਮਯਾਬ....

ਅੰਮ੍ਰਿਤਸਰ (ਲੋਕ ਬਾਣੀ) ਨਗਰ ਨਿਗਮ ਦੇ ਅਧਿਕਾਰੀਆਂ ਦੀ ਦੇਖਰੇਖ ਵਿੱਚ ਮਹਾਨ ਨਗਰ ਵਿੱਚ ਹੋ ਰਹੀਆਂ ਧੜਾ ਧੜ ਨਜਾਇਜ਼ ਉਸਾਰੀਆਂ ਅਤੇ ਸੜਕਾਂ ਤੇ ਕਿਨਾਰੇ ਹੋਏ ਨਜਾਇਜ਼ ਕਬਜ਼ਿਆਂ ਫੜੀਆਂ ਅਤੇ ਰੇਹੜੀਆਂ ਨੂੰ ਠੱਲ ਪਾਉਣ ਲਈ ਗੁਰੂ ਨਗਰੀ ਤੋਂ ਆਮ ਆਦਮੀ ਪਾਰਟੀ ਦੇ ਮੰਤਰੀ ਅਤੇ ਐਮਐਲਏ ਐਕਟਿਵ ਨਜ਼ਰ ਆ ਰਹੇ ਹਨ। ਪਰ ਇੰਨਾ ਮਸਲਿਆਂ ਨੂੰ ਲੈ ਕੇ ਸਰਕਾਰਾਂ ਕਈ ਨੇਤਾ ਆਏ ਅਤੇ ਚਲੇ ਗਏ। ਪਰ ਪੂਰੀ ਤਰ੍ਹਾਂ ਕਾਮਯਾਬੀ ਕਿਸੇ ਦੇ ਵੀ ਹੱਥ ਨਹੀਂ ਲੱਗੀ ਹੈ। ਆਪ ਦੇ ਨੇਤਾ ਨਗਰ ਨਿਗਮ ਵਿੱਚ ਹੋਣ ਵਾਲੇ ਗਲਤ ਕੰਮਾਂ ਨੂੰ ਰੋਕਣ ਵਿੱਚ ਕਿੰਨਾ ਕੁ ਕਾਮਯਾਬ ਹੁੰਦੇ ਹਨ ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

ਹਾਲਾਂ ਕਿ ਇਸ ਸਬੰਧ ਵਿੱਚ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅੰਮ੍ਰਿਤਸਰ ਸ਼ਹਿਰ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਸਮੀਖਿਆ ਕਰਨ ਲਈ ਕੀਤੀ ਗਈ ਉੱਚ ਪਧਰੀ ਮੀਟਿੰਗ ਵਿੱਚ ਕਾਰਪੋਰੇਸ਼ਨ ਅੰਮ੍ਰਿਤਸਰ ਕੋਲੋਂ ਜਾਇਜ਼ ਹੋ ਰਹੀਆਂ ਉਸਾਰੀਆਂ ਦੀ ਸੂਚੀ ਮੰਗੀ ਹੈ। ਉਨਾਂ ਕਿਹਾ ਕਿ ਤੁਹਾਡੇ ਵੱਲੋਂ ਪਾਸ ਹੋਈਆਂ ਉਸਾਰੀਆਂ ਦੀ ਸੂਚੀ ਦੇ ਨਾਲ ਮੈਂ ਨਜਾਇਜ਼ ਹੋ ਰਹੀਆਂ ਉਸਾਰੀਆਂ ਤੱਕ ਪਹੁੰਚ ਸਕਾਂਗਾ। ਉਹਨਾਂ ਕਿਹਾ ਕਿ ਸਾਨੂੰ ਨਾਜਾਇਜ਼ ਉਸਾਰੀਆਂ ਰੋਕਣ ਲਈ ਪਹਿਲਾਂ ਹਰਕਤ ਵਿੱਚ ਆਉਣ ਦੀ ਲੋੜ ਹੈ ਨਾ ਕਿ ਉਸਾਰੀ ਤੋਂ ਬਾਅਦ ਉਸ ਨੂੰ ਢਾਉਣ ਜਾਂ ਉਸ ਉੱਤੇ ਪਾਬੰਦੀਆਂ ਲਗਾਉਣ ਵਰਗੇ ਫੈਸਲੇ ਲੈਣ ਦੀ ਸਰਦਾਰ ਧਾਲੀਵਾਲ ਨੇ ਇਹ ਵੀ ਹਦਾਇਤ ਕੀਤੀ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਵੱਲੋਂ ਹਰੇਕ ਹਲਕੇ ਨੂੰ 150 ਕਰੋੜ ਰੁਪਈਆ ਵਿਕਾਸ ਕਾਰਜਾਂ ਲਈ ਦਿੱਤਾ ਗਿਆ ਸੀ ਅਤੇ ਅੰਮ੍ਰਿਤਸਰ ਵਿੱਚ ਇਹ ਦੱਸਿਆ ਜਾਵੇ ਕਿ ਇਹ ਪੈਸਾ ਕਿੱਥੇ ਅਤੇ ਕਿੰਨਾ ਲੱਗਾ ਹੈ, ਇਸ ਦੇ ਨਾਲ ਹੀ ਉਹਨਾਂ ਨੇ ਕਾਰਪੋਰੇਸ਼ਨ ਕੋਲੋਂ ਹੁਣ ਤੱਕ ਜਾਰੀ ਕੀਤੇ ਗਏ ਟੈਂਡਰਾਂ ਅਤੇ ਕਰਵਾਏ ਜਾ ਰਹੇ ਕੰਮਾਂ ਦੀ ਸੂਚੀ ਦੀ ਮੰਗ ਵੀ ਕੀਤੀ। ਲੰਮੇ ਸਮੇਂ ਤੋਂ ਬੰਦ ਪਏ ਰੀਗੋ ਬ੍ਰਿਜ ਦੀ ਗੱਲ ਸੁਣਦਿਆਂ ਹੀ ਉਹਨਾਂ ਨੇ ਪੁਲ ਦੇ ਕੋਲ ਬਣ ਰਹੇ ਹੋਟਲ ਵੱਲੋਂ ਪਾਸ ਕਰਵਾਈ ਗਈ ਇਮਾਰਤ ਦਾ ਨਕਸ਼ਾ ਵੀ ਮੰਗਿਆ ਤਾਂ ਜੋ ਪਤਾ ਲਗਾਇਆ ਜਾ ਸਕੇ ਕਿ ਉਹ ਉਸਾਰੀ ਨਿਯਮਾਂ ਅਨੁਸਾਰ ਹੋ ਰਹੀ ਹੈ ਜਾਂ ਨਹੀਂ।

ਵਿਧਾਇਕ ਇੰਦਰਬੀਰ ਸਿੰਘ ਨਿੱਜਰ ਵੱਲੋਂ ਕਣਕ ਦੀ ਵੰਡ ਵੇਲੇ ਲੋਕਾਂ ਨੂੰ ਹੁੰਦੀ ਪਰੇਸ਼ਾਨੀ ਸੁਣਦੇ ਹੀ ਧਾਲੀਵਾਲ ਨੇ ਹਦਾਇਤ ਕੀਤੀ ਕਿ ਕੋਈ ਵੀ ਡੀਪੂ ਹੋਲਡਰ ਨਿਗਰਾਨ ਕਮੇਟੀ ਦੀ ਗੈਰ ਹਾਜ਼ਰੀ ਵਿੱਚ ਕਣਕ ਦੀ ਵੰਡ ਨਾ ਕਰੇ ਉਹਨਾਂ ਕਿਹਾ




ਕਿ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਡੀਪੂ ਇੰਨੇ ਵਜੇ ਤੋਂ ਇੰਨੇ ਵਜੇ ਤੱਕ ਖੁੱਲਣਗੇ। ਧਾਲੀਵਾਲ ਨੇ ਫਤਿਹਗੜ੍ਹ ਚੂੜੀਆਂ ਸੜਕ ਉੱਤੇ ਲੱਗਣ ਵਾਲੀਆਂ ਲਾਈਟਾਂ ਲਗਾਉਣ ਅਤੇ ਵੱਲਾ ਮੰਡੀ ਵਿੱਚੋਂ ਨਜਾਇਜ਼ ਫੜੀਆਂ ਚੁਕਾਉਣ ਲਈ ਸੰਬੰਧਿਤ ਵਿਭਾਗਾਂ ਨੂੰ ਦੋ ਦਿਨ ਦਾ ਸਮਾਂ ਦਿੰਦੇ ਹੋਏ ਇਹ ਕੰਮ ਪਹਿਲ ਦੇ ਅਧਾਰ ਉੱਤੇ ਕਰਨ ਲਈ ਕਿਹਾ। ਧਾਲੀਵਾਲ ਨੇ ਇਸ ਮੌਕੇ ਵਿਧਾਇਕਾਂ ਦੀ ਹਾਜ਼ਰੀ ਵਿੱਚ ਹਰੇਕ ਹਲਕੇ ਵਿੱਚ ਕਰਵਾਏ ਜਾ ਰਹੇ ਕੰਮਾਂ ਦੇ ਵੇਰਵੇ ਕਾਰਪੋਰੇਸ਼ਨ ਕਮਿਸ਼ਨਰ ਕੋਲੋਂ ਲਏ ਅਤੇ ਵਿਧਾਇਕ ਸਾਹਿਬਾਨ ਦੀ ਇਹਨਾਂ ਬਾਰੇ ਫੀਡਬੈਕ ਲਈ। ਮੀਟਿੰਗ ਵਿੱਚ ਸ਼ਹਿਰ ਦੀ ਸਫਾਈ ਸੀਵਰੇਜ ਪਾਰਕਾਂ ਦਾ ਰੱਖ ਰਖਾਓ ਸੜਕਾਂ ਨਜਾਇਜ਼ ਉਸਾਰੀਆਂ ਦੇ ਮੁੱਦੇ ਛਾਏ ਰਹੇ ਅਤੇ ਹਰੇਕ ਵਿਧਾਇਕ ਸਾਹਿਬਾਨ ਨੇ ਆਪੋ ਆਪਣੇ ਹਲਕੇ ਦੀ ਮੌਜੂਦਾ ਸਥਿਤੀ ਤੋਂ ਕੈਬਨਿਟ ਮੰਤਰੀ ਨੂੰ ਜਾਣੂ ਕਰਵਾਇਆ।

ਇਸ ਮੌਕੇ ਇੰਦਰਬੀਰ ਸਿੰਘ ਨਿੱਜਰ, ਵਿਧਾਇਕ ਅਜੇ ਗੁਪਤਾ, ਵਿਧਾਇਕ ਜਸਬੀਰ ਸਿੰਘ ਸੰਧੂ, ਚੇਅਰਮੈਨ ਜਸਪ੍ਰੀਤ ਸਿੰਘ, ਚੇਅਰਮੈਨ ਪ੍ਰਭਬੀਰ ਬਰਾੜ, ਚੇਅਰਮੈਨ ਅਸ਼ੋਕ ਤਲਵਾਰ,ਡਿਪਟੀ ਕਮਿਸ਼ਨਰ ਮੈਡਮ ਸਾਕਸ਼ੀ ਸਾਹਨੀ, ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ, ਕਮਿਸ਼ਨਰ ਨਗਰ ਨਿਗਮ ਗੁਲਪ੍ਰੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ ਅਮਿਤ ਸਰੀਨ,ਆਪ ਦੇ ਸ਼ਹਿਰੀ ਪ੍ਰਧਾਨ ਸ੍ਰੀ ਮੁਨੀਸ਼ ਅਗਰਵਾਲ,ਦਿਹਾਤੀ ਪ੍ਰਧਾਨ ਸ: ਬਲਜਿੰਦਰ ਸਿੰਘ ਥਾਂਦੇ, ਰਵਿੰਦਰ ਹੰਸ ਅਤੇ ਹੋਰ ਪਾਰਟੀ ਨੇਤਾ ਵੀ ਹਾਜ਼ਰ ਸਨ।

# ਸਰਕਾਰੀ ਸੀ. ਸੈ. ਸਕੂਲ ਹਰਬੰਸਪੁਰ ਪਹੁੰਚਣ 'ਤੇ ਸਮੁੱਚੀ ਪੰਚਾਇਤ ਦਾ ਕੀਤਾ ਸਨਮਾਨ




ਫਗਵਾੜਾ ( ਸੁਸ਼ੀਲ ਸ਼ਰਮਾ ) ਸਰਕਾਰੀ ਸੀਨੀਅਰ ਸੈਕਡੰਰੀ ਸਕੂਲ ਹਰਬੰਸਪੁਰ ਬਲਾਕ ਫਗਵਾੜਾ-2 ਵਿਖੇ ਪਿੰਡ ਦੀ ਨਵੀਂ ਬਣੀ ਪੰਚਾਇਤ ਨੂੰ ਸਕੂਲ ਦੀ ਕਾਰਜਕਾਰੀ ਪ੍ਰਿੰਸੀਪਲ ਮਿਸ ਉਪਾਸਨਾ ਮਦਾਨ ਅਤੇ ਸਕੂਲ ਸਟਾਫ ਵਲੋਂ ਸਨਮਾਨਤ ਕੀਤਾ ਗਿਆ। ਇਸ ਦੌਰਾਨ ਸਕੂਲ ਸਟਾਫ ਵਲੋਂ ਸਰਪੰਚ ਸਤਵਿੰਦਰ ਸਿੰਘ ਤੋਂ ਇਲਾਵਾ ਪੰਚਾਇਤ ਮੈਂਬਰਾਂ ਗੇਜਾ ਸਿੰਘ, ਕੇਵਲ ਸਿੰਘ, ਕਸ਼ਮੀਰ ਕੌਰ, ਅੰਜਲੀ, ਸਤਿੰਦਰ ਕੌਰ ਤੇ ਸੁਖਵਿੰਦਰ ਕੌਰ ਨੂੰ ਸਕੂਲ ਦੇ ਲੋੜੀਂਦੇ ਵਿਕਾਸ ਕਾਰਜਾਂ ਬਾਰੇ ਵੀ ਜਾਣੂ ਕਰਵਾਇਆ ਗਿਆ। ਸਰਪੰਚ ਸਤਵਿੰਦਰ ਸਿੰਘ ਅਤੇ ਸਮੂਹ ਪੰਚਾਇਤ ਮੈਂਬਰਾਂ ਨੇ ਸਕੂਲ ਸਟਾਫ ਨੂੰ ਭਰੋਸਾ ਦਿੱਤਾ ਕਿ ਇਸ ਸਕੂਲ ਦੇ ਵਿਕਾਸ 'ਚ ਪੰਚਾਇਤ ਵਲੋਂ ਪੂਰਾ ਸਹਿਯੋਗ ਦਿੱਤਾ ਜਾਵੇਗਾ ਤਾਂ ਜੋ ਇੱਥੇ ਪੜ੍ਹਦੇ ਵਿਦਿਆਰਥੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦੂਰ ਹੋ ਸਕਣ। ਇਸ ਮੌਕੇ ਐਸ.ਐਮ.ਸੀ. ਕਮੇਟੀ ਚੇਅਰਮੈਨ ਸਾਹਿਬ ਸਿੰਘ, ਅਜਾਇਬ ਸਿੰਘ ਪ੍ਰਧਾਨ ਗੁਰਦੁਆਰਾ ਕਮੇਟੀ ਤੋਂ ਇਲਾਵਾ ਸਾਬਕਾ ਸਰਪੰਚ ਨਛੱਤਰ ਸਿੰਘ, ਬੂਟਾ ਸਿੰਘ, ਰਣਜੀਤ ਸਿੰਘ, ਸੋਨੀ ਸਿੰਘ, ਕੁੰਦਨ ਸਿੰਘ, ਦੀਦਾਰ ਸਿੰਘ, ਅਰਜਨ ਸਿੰਘ, ਰਾਜਾ ਸਿੰਘ, ਮਾਸਟਰ ਪਰਮਜੀਤ, ਸਟਾਫ ਮੈਂਬਰ ਸੁਮੀਤ ਕੌਰ, ਤਾਹਿਰਾ, ਅਲੀਸ਼ਾ, ਸਤਨਾਮ ਸਿੰਘ, ਗੌਰਵ, ਪ੍ਰਵੀਨ ਕੁਮਾਰੀ, ਤ੍ਰਿਪਤਾ ਦੇਵੀ, ਗੁਰਦੀਪ ਸਿੰਘ ਡੁਮੇਲੀ ਅਤੇ ਕੈਂਪਸ ਮੈਨੇਜਰ ਕੁਲਵੀਰ ਸਿੰਘ ਆਦਿ ਹਾਜਰ ਸਨ।

# ਅਨਾਜ਼ ਮੰਡੀ ਖਰੜ ਵਿੱਚ ਝੋਨੇ ਦੀ ਰਹਿੰਦ ਖ਼ੂੰਦ ਨੇ ਮੰਡੀ ਦੇ ਹਾਲਾਤ ਕੀਤੇ ਖਸਤਾ

ਖਰੜ, (ਕਾਲਾ ਸਿੰਘ ਸੈਣੀ )- ਖਰੜ ਅਨਾਜ਼ ਮੰਡੀ ਅਤੇ ਸ਼ਬਜੀ ਮੰਡੀ ਦੀ ਆਪਣੀ ਹੀ ਇੱਕ ਵੱਖਰੀ ਪਛਾਣ ਹੈ। ਸ਼ਬਜੀ ਮੰਡੀ ਵਿੱਚ ਜਿੱਥੇ ਦੂਰੋ-ਨੇੜਿਓ ਵਪਾਰੀ ਅਤੇ ਆਮ ਲੋਕ ਖਰੀਦਦਾਰੀ ਕਰਨ ਆਉਂਦੇ ਹਨ। ਉੱਥੇ ਹੀ ਅਨਾਜ਼ ਮੰਡੀ ਵਿੱਚ ਦੂਰੋ-ਨੇੜਿਓ ਕਿਸਾਨ ਆਪਣੀਆਂ ਪੱਕੀਆਂ ਫਸਲਾਂ ਵੇਚਣ ਲਈ ਪਹੁੰਚਦੇ ਹਨ। ਪਰ ਪੱਤਰਕਾਰ ਵਲੋਂ ਮੰਡੀ ਦਾ ਦੌਰਾ ਕਰਕੇ ਦੇਖਣ ਵਿੱਚ ਆਇਆ ਕਿ ਭਾਵੇਂ ਝੋਨੇ ਦਾ ਸ਼ੀਜਨ ਲੱਗ ਚੁੱਕਾ ਹੈ ਪਰ ਮੰਡੀ ਅੰਦਰ ਦੂਰ ਦੂਰ ਤੱਕ ਝੋਨੇ ਦੀ ਰਹਿੰਦ ਖ਼ੂੰਦ ਦੇ ਵੱਡੇ ਵੱਡੇ ਢੇਰ ਮੰਡੀ ਦੀ ਖਸਤਾ ਹਾਲਾਤ ਬਿਆਨ ਕਰਦੇ ਹਨ। ਇਸ ਸਬੰਧੀ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਸੀਨੀਅਰ ਕਿਸਾਨ ਆਗੂ ਜਸਪਾਲ ਸਿੰਘ ਨਿਆਮੀਆਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਝੋਨੇ ਦਾ ਸੀਜ਼ਨ ਖਤਮ ਹੋਏ ਨੂੰ ਕਈ ਦਿਨ ਬੀਤ ਚੁੱਕੇ ਹਨ ਪਰ ਹਾਲੇ ਤੱਕ ਝੋਨੇ ਦੀ ਫਸਲ ਦੀ ਰਹਿੰਦ-ਖ਼ੂੰਹਦ ਮਾਰਕਿਟ ਕਮੇਟੀ ਵੱਲੋਂ ਨਹੀਂ ਚੁੱਕੀ ਗਈ। ਉਨਾਂ ਕਿਹਾ ਕਿ ਝੋਨੇ ਦੀ ਫ਼ਸਨ ਨੂੰ ਪੱਖੇ ਲਗਾ ਕੇ ਜਦੋਂ ਫੂਸ ਬੱਚ ਜਾਂਦਾ ਹੈ ਤਾਂ ਉਸ ਨੂੰ ਚੁੱਕਣ ਦੀ ਬਿਜਾਏ ਮੰਡੀ ਦੀਆਂ ਸੜਕਾਂ ਦੇ ਆਲੇ ਦੁਆਲੇ ਵੀ ਢੇਰੀਆਂ ਲਗਾ ਦਿੱਤੀਆਂ ਗਈਆਂ ਜਿਸ ਕਾਰਨ ਮੰਡੀ ਵਿਚ ਥੋੜੀ ਜਿਹੀ ਹਵਾ ਚੱਲਣ ਨਾਲ ਹਰ ਸਮੇਂ ਧੂੜ ਉੱਡਦੀ ਰਹਿੰਦੀ ਹੈ ਅਤੇ ਰਾਹਗੀਰਾਂ ਨੂੰ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਨਾਂ ਕਿਹਾ ਕਿ ਅਨਾਜ਼ ਮੰਡੀ ਦੇ ਵਿਚ ਸ਼ਬਜੀ ਹੋਣ ਕਰਕੇ ਇੱਥੇ ਰੋਜਾਨਾਂ ਵੱਡੀ ਗਿਣਤੀ ਵਿੱਚ ਵਪਾਰੀ ਅਤੇ ਆਮ ਲੋਕ ਖਰੀਦਦਾਰੀ ਕਰਨ ਆਉਂਦੇ ਹਨ ਅਤੇ ਉਨਾਂ ਨੂੰ ਵੀ ਇਨਾਂ ਧੂੜ ਭਰੀਆਂ ਸੜਕਾਂ ਤੋਂ ਦੀ ਹੋ ਕਿ ਲੰਘਣਾ ਪੈਂਦਾ ਹੈ। ਉਨਾਂ ਕਿਹਾ ਕਿ ਜੇਕਰ ਮੀਂਹ ਤੋਂ ਪਹਿਲਾਂ ਇਹ ਫੂਸ ਸੜਕਾਂ ਤੋਂ ਨਾ ਚੁਕਵਾਇਆ ਗਿਆ ਤਾਂ ਮੀਂਹ ਪੈਣ ਤੋਂ ਬਾਅਦ ਇਸਨੂੰ ਚੁੱਕਣਾ ਹੋਰ ਵੀ ਮੁਸ਼ਕਿਲ ਹੋ ਜਾਵੇਗਾ। ਉਨਾਂ ਮਾਰਕਿਟ ਕਮੇਟੀ ਤੋਂ ਮੰਗ ਕੀਤੀ ਕਿ ਝੋਨੇ ਦੀ ਫਸਲ ਦੀ ਰਹਿੰਦ-ਖ਼ੂੰਹਦ ਨੂੰ ਜਲਦ ਤੋਂ ਜਲਦ ਚੁੱਕਵਾ ਦਿੱਤਾ ਜਾਵੇ ਤਾਂ ਜੋ ਆਮ ਲੋਕਾਂ ਨੂੰ ਵੱਡੀ ਪ੍ਰੇਸ਼ਾਨੀ ਤੋਂ ਛੁਟਕਾਰਾ ਮਿਲ ਸਕੇ।



## ਕੀ ਕਹਿੰਦੇ ਨੇ ਮਾਰਕਿਟ ਕਮੇਟੀ ਸੈਕਟਰੀ ਗੁਰਨਾਮ ਸਿੰਘ

ਇਸ ਸਬੰਧੀ ਜਦੋਂ ਮਾਰਕਿਟ ਕਮੇਟੀ ਦੇ ਸੈਕਟਰੀ ਗੁਰਨਾਮ ਸਿੰਘ ਨਾਲ ਫੋਨ 'ਤੇ ਗੱਲ ਕੀਤੀ ਤਾਂ ਉਨਾਂ ਕਿਹਾ ਕਿ ਮੰਡੀ ਦੀ ਸਾਫ਼ -ਸਫ਼ਾਈ ਲਈ ਉਨਾਂ ਨੂੰ ਕਿਸੇ ਕਿਸਮ ਦਾ ਕੋਈ ਫੰਡ ਨਹੀਂ ਆਉਂਦਾ। ਉਨਾਂ ਦੱਸਿਆ ਕਿ ਫ਼ਸਲ ਦੇ ਸੀਜ਼ਨ ਤੋਂ ਪਹਿਲਾਂ ਮੰਡੀ ਦੀ ਸਫ਼ਾਈ ਲਈ ਉਨਾਂ ਨੂੰ ਫੰਡ ਆਉਣਾ ਹੈ ਪਰ ਬਾਅਦ ਵਿਚ ਸਫ਼ਾਈ ਲਈ ਕੋਈ ਫੰਡ ਨਹੀਂ ਮਿਲਦਾ। ਉਨਾਂ ਕਿਹਾ ਕਿ ਉਨਾਂ ਵੱਲੋਂ ਅੱਜ ਆਪਣੇ ਪੱਧਰ 'ਤੇ ਹੀ ਝੋਨੇ ਦੀ ਰਹਿੰਦ-ਖ਼ੂੰਹਦ ਨੂੰ ਇਕੱਠਾ ਕਰਵਾਇਆ ਗਿਆ ਹੈ ਅਤੇ ਆਉਣ ਵਾਲੇ ਕੁਝ ਦਿਨਾਂ ਤੱਕ ਮੰਡੀ ਵਿੱਚਲੀ ਝੋਨੇ ਦੀ ਰਹਿੰਦ ਖ਼ੂੰਦ ਦੀ ਸਫ਼ਾਈ ਵੀ ਕਰਵਾ ਦਿੱਤੀ ਜਾਵੇਗੀ।

ਰੋਜ਼ਾਨਾ ਲੋਕ ਬਾਣੀ
www.lokbani

# ਡਿਹਾਈਡ੍ਰੇਸ਼ਨ ਗਰਮੀਆਂ ਵਿੱਚ ਹੀ ਨਹੀਂ ਸਰਦੀਆਂ ਵਿੱਚ ਵੀ ਹੁੰਦੀ ਹੈ, ਡਾ ਅਰਚਿਤਾ ਮਹਾਜਨ

(ਲੋਕ ਬਾਣੀ) ਪਦਮ ਭੂਸ਼ਣ ਨੈਸ਼ਨਲ ਐਵਾਰਡ ਲਈ ਨਾਮਜ਼ਦ ਅਤੇ ਪੰਜਾਬ ਸਰਕਾਰ ਵੱਲੋਂ ਸਨਮਾਨਿਤ ਡਾ: ਅਰਚਿਤਾ ਮਹਾਜਨ, ਨਿਊਟ੍ਰੀਸ਼ਨ ਡਾਇਟੀਸ਼ੀਅਨ ਅਤੇ ਚਾਈਲਡ ਕੇਅਰ ਹੋਮਿਓਪੈਥਿਕ ਫਾਰਮਾਸਿਸਟ ਅਤੇ ਸਿਖਲਾਈ ਪ੍ਰਾਪਤ ਯੋਗਾ ਅਧਿਆਪਕਾ ਨੇ ਦੱਸਿਆ ਕਿ ਗਰਮੀਆਂ ਵਿੱਚ ਪਸੀਨੇ ਅਤੇ ਥੋੜ੍ਹੀ ਜਿਹੀ ਗਰਮੀ ਕਾਰਨ ਸਰੀਰ ਅੰਦਰਲਾ ਪਾਣੀ ਸੁੱਕ ਜਾਂਦਾ ਹੈ ਅਤੇ ਡੀਹਾਈਡ੍ਰੇਸ਼ਨ ਹੁੰਦੀ ਹੈ ਪਰ ਭਾਵੇਂ ਅਸੀਂ ਸਰਦੀਆਂ ਵਿੱਚ ਪਸੀਨਾ ਨਹੀਂ ਆਉਂਦੇ, ਫਿਰ ਵੀ ਡੀਹਾਈਡ੍ਰੇਸ਼ਨ ਦੀ ਸੰਭਾਵਨਾ ਹੁੰਦੀ ਹੈ ਕਿਉਂਕਿ ਅਸੀਂ ਠੰਡ ਦੇ ਕਾਰਨ ਸਰੀਰ ਨੂੰ ਲੋੜ ਅਨੁਸਾਰ ਪਾਣੀ ਨਹੀਂ ਦਿੰਦੇ। ਇਸ ਕਾਰਨ ਵਿਅਕਤੀ ਨੂੰ ਪਿਆਸ ਘੱਟ ਲੱਗਦੀ ਹੈ ਅਤੇ ਚਾਹ ਅਤੇ ਕੌਫੀ ਵੱਲ ਜ਼ਿਆਦਾ ਧਿਆਨ ਦਿੰਦਾ ਹੈ। ਚਾਹ ਅਤੇ ਕੌਫੀ ਚ ਕੈਫੀਨ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਸਰੀਰ ਚ ਡੀਹਾਈਡ੍ਰੇਸ਼ਨ ਦੀ ਸੰਭਾਵਨਾ ਵਧ ਜਾਂਦੀ ਹੈ, ਜੇਕਰ ਤੁਸੀਂ ਠੰਡ ਤੋਂ ਬਚਣ ਲਈ ਜ਼ਿਆਦਾਤਰ ਦਿਨ ਘਰ ਜਾਂ ਦਫਤਰ ਚ ਹੀ ਬਿਤਾ ਰਹੇ ਹੋ ਤਾਂ ਵੀ ਤੁਹਾਨੂੰ ਹਾਈਡਰੇਟਿਡ ਰਹਿਣ ਦੀ ਲੋੜ ਹੈ। ਲੋੜ ਹੈ. ਡੀਹਾਈਡਰੇਸ਼ਨ ਗੰਭੀਰ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ ਜਿਵੇਂ ਕਿ ਕਿਡਨੀ ਸਮੱਸਿਆਵਾਂ: ਡੀਹਾਈਡਰੇਸ਼ਨ ਗੁਰਦਿਆਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਪਾਣੀ ਪੀਣ ਨਾਲ ਗੁਰਦਿਆਂ ਨੂੰ ਜ਼ਹਿਰੀਲੇ ਅਤੇ ਕੂੜੇ-ਕਰਕਟ ਤੋਂ ਛੁਟਕਾਰਾ ਮਿਲਦਾ ਹੈ। ਦਿਲ ਨਾਲ ਸਬੰਧਤ ਸਮੱਸਿਆਵਾਂ: ਡੀਹਾਈਡ੍ਰੇਸ਼ਨ ਕਾਰਨ ਦਿਲ ਨਾਲ ਸਬੰਧਤ ਸਮੱਸਿਆਵਾਂ ਹੋ ਸਕਦੀਆਂ ਹਨ। ਮੌਤ ਵੀ ਹੋ ਸਕਦੀ ਹੈ: ਜੇਕਰ ਡੀਹਾਈਡਰੇਸ਼ਨ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ ਹੈ, ਤਾਂ ਇਲੈਕਟ੍ਰੋਲਾਈਟ ਅਸੰਤੁਲਨ: ਡੀਹਾਈਡਰੇਸ਼ਨ ਇਲੈਕਟ੍ਰੋਲਾਈਟ ਅਸੰਤੁਲਨ ਦਾ ਕਾਰਨ ਬਣ ਸਕਦੀ ਹੈ। ਸਦਮਾ ਅਤੇ ਕੋਮਾ: ਗੰਭੀਰ ਡੀਹਾਈਡਰੇਸ਼ਨ ਦੇ ਨਤੀਜੇ ਵਜੋਂ ਸਦਮਾ ਅਤੇ ਕੋਮਾ ਹੋ ਸਕਦਾ ਹੈ। ਮੁੱਖ ਲੱਛਣ ਹਨ ਪਿਸ਼ਾਬ ਦੀ ਕਮੀ, ਸਿਰਦਰਦ, ਭੁਲੇਖਾ ਅਤੇ ਉਲਝਣ, ਥਕਾਵਟ, ਚੱਕਰ ਆਉਣੇ, ਕਮਜ਼ੋਰੀ, ਚਮੜੀ ਦੀ ਲਾਲੀ ਅਤੇ ਲੱਤਾਂ ਦੀ ਸੋਜ।

# ਸਕੂਲਾਂ ਦੇ ਬੱਚਿਆਂ ਨੂੰ ਬਚਪਨ ਤੋਂ ਹੀ ਆਪਣੇ ਦੰਦਾਂ ਦੀ ਸੰਭਾਲ ਕਰਨੀ ਚਾਹੀਦੀ: ਡਾ. ਅਮਨਦੀਪ ਕੌਰ

ਖਰੜ, (ਕਾਲਾ ਸਿੰਘ ਸੈਣੀ )- ਲਾਇਨਜ਼ ਕਲੱਬ ਖਰੜ ਸਿਟੀ ਵਲੋਂ ਸਿਵਲ ਹਸਪਤਾਲ ਖਰੜ ਦੇ ਸਹਿਯੋਗ ਨਾਲ ਬੀ.ਐਸ.ਐਮ.ਸਿੱਖ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਖਰੜ ਵਿਖੇ 'ਦੰਦਾਂ ਦੀ ਸਾਂਭ ਸੰਭਾਲ' ਬਾਰੇ ਸੈਮੀਨਾਰ ਕਰਵਾਇਆ ਗਿਆ। ਸਿਵਲ ਹਸਪਤਾਲ ਖਰੜ ਦੇ ਦੰਦਾਂ ਦੇ ਮਾਹਿਰ ਡਾ. ਅਮਨਦੀਪ ਕੌਰ ਨੇ ਕਿਹਾ ਕਿ ਸਕੂਲਾਂ ਵਿਚ ਸਿੱਖਿਆ ਪ੍ਰਾਪਤ ਕਰ ਰਹੇ ਬੱਚਿਆਂ ਨੂੰ ਆਪਣੇ ਦੰਦਾਂ ਦੀ ਸਾਂਭ ਸੰਭਾਲ ਕਰਕੇ ਆਪਣੀ ਦੰਦਾਂ ਦੀ ਸਮੇਂ ਸਮੇਂ ਸਿਰ ਜਾਂਚ ਕਰਵਾਉਂਦੇ ਰਹਿੰਦਾ ਚਾਹੀਦਾ ਹੈ। ਉਨਾਂ ਸਕੂਲ ਅਧਿਆਪਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਇਹ ਯਕੀਨੀ ਬਣਾਉਣ ਕਿ ਉਹ ਘੱਟੋ ਘੱਟ ਅਜਿਹੇ ਕੈਂਪ ਲਗਾ ਕੇ ਸਾਲ ਵਿਚ ਦੋ ਵਾਰ ਬੱਚਿਆਂ ਦੇ ਦੰਦਾਂ ਦੀ ਜਾਂਚ ਕਰਵਾਉਣ। ਉਨਾਂ ਵਿਦਿਆਰਥੀਆਂ ਨੂੰ ਕਿਹਾ ਕਿ ਸਵੇਰੇ ਖਾਣਾ ਖਾਣ ਤੋਂ ਪਹਿਲਾਂ ਅਤੇ ਸ਼ਾਮ ਸਮੇਂ ਖਾਣਾ ਖਾਉਣ ਤੋਂ ਬਾਅਦ ਰੋਜ਼ਾਨਾ ਬੁਰਸ਼ ਕਰਨਾ ਚਾਹੀਦਾ ਹੈ, ਇਸੇ ਤਰਾਂ ਕਈ ਵਾਰ ਬੱਚਿਆਂ ਦੇ ਬਚਪਨ ਤੋਂ ਹੀ ਦੰਦ ਵਿੰਗੇ ਟੇਢੇ ਹੋ ਜਾਂਦੇ ਹਨ ਜਿਨਾਂ ਨੂੰ ਸਹੀ ਕਰਵਾਉਣਾ ਸਮੇਂ ਦੀ ਲੋੜ ਹੈ। ਡਾ. ਹਰਨੀਤ ਕੌਰ ਨੇ ਬੱਚਿਆਂ ਨੇ ਦੰਦਾਂ ਦੀ ਸਾਂਭ ਸੰਭਾਲ ਬਾਰੇ ਸਵਾਲ ਵੀ ਕੀਤੇ। ਉਨਾਂ ਕਿਹਾ ਕਿ ਜਿਸ ਤਰਾਂ ਅੱਜ ਦੇ ਸਮੇਂ ਵਿਚ ਬੱਚਿਆਂ ਵਲੋਂ ਖਾਣ ਪੀਣ ਵਿਚ ਕਾਫੀ ਬਦਲਾਅ ਕੀਤਾ ਹੋਇਆ ਹੈ ਉਸਤੋਂ ਸਾਨੂੰ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਹਮੇਸ਼ਾ ਸਾਫ ਸੁੱਥਰੀਆਂ ਚੀਜ਼ਾਂ ਖਾਣ। ਸਕੂਲ ਦੀ ਪ੍ਰਿੰਸੀਪਲ ਮਨਜੀਤ ਕੌਰ ਨੇ ਕਿਹਾ ਕਿ ਅੱਜ ਦੇ ਸੈਮੀਨਾਰ ਨਾਲ ਵਿਦਿਆਰਥੀਆਂ ਨੂੰ ਦੰਦਾਂ ਦੀ ਸੰਭਾਲ ਬਾਰੇ ਵਧੇਰੇ ਜਾਣਕਾਰੀ ਮਿਲੀ ਹੈ। ਉਨਾਂ ਸਿਵਲ ਹਸਪਤਾਲ ਖਰੜ ਦੇ ਡਾਕਟਰਾਂ ਦੀ ਟੀਮ ਅਤੇ ਕਲੱਬ ਦੇ ਅਹੁੱਦੇਦਾਰਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆ ਧੰਨਵਾਦ ਕੀਤਾ। ਇਸ ਮੌਕੇ ਸਕੂਲ ਦੇ ਸਟਾਫ ਮੈਂਬਰ ਰਾਜਿੰਦਰ ਬਾਂਸਲ, ਰਸ਼ਪਿੰਦਰ ਕੌਰ, ਨੀਤੂ ਗੋਇਲ, ਕਲੱਬ ਦੇ ਪ੍ਰਧਾਨ ਪੰਕਜ ਚੱਢਾ, ਪ੍ਰੋਜੈਕਟ ਚੇਅਰਮੈਨ ਹਰਬੰਸ ਸਿੰਘ, ਸਕੱਤਰ ਪਰਮਪ੍ਰੀਤ ਸਿੰਘ, ਗੁਰਮੁੱਖ ਸਿੰਘ ਮਾਨ, ਸੰਜੀਵ ਕੁਮਾਰ ਗਰਗ, ਸਾਹਿਲ ਕੋਹਲੀ ਮਨਿੰਦਰ ਸਿੰਘ ਸਮੇਤ ਸਕੂਲ ਦੇ ਸਟਾਫ ਮੈਂਬਰ ਹਾਜ਼ਰ ਸਨ।



ਰੋਜ਼ਾਨਾ ਲੋਕ ਬਾਣੀ
www.lokbani

## ਵੀਲ੍ਹ ਚੇਅਰ/ਫਹੁੜੀ

ਮੇਰਾ ਨਹੀਂ ਕਸੂਰ , ਨਾ ਹੀ ਖੇਡ ਕੋਈ ਨਸੀਬਾਂ ਦਾ,
ਸਾਨੂੰ ਤਾਂ ਦਿਮਾਗ, ਸਾਡੇ ਖਾ ਗਿਆ ਤਬੀਬਾਂ ਦਾ,
ਖਾ ਗਿਆ ਦਿਮਾਗ ਸਾਨੂੰ,ਸਾਡਿਆਂ ਤਬੀਬਾਂ ਦਾ,
ਫਾਹੜੀਆਂ ਤੇ ਵੀਲ੍ਹ ਚੇਅਰ,ਬਹਿਣਾ ਕਿਹੜਾ ਸੌਖਾ ਹੈ,
ਲੋਕਾਂ ਦਿਆਂ ਤਾਹਨਿਆਂ ਨੂੰ, ਸਹਿਣਾ ਬਹੁਤ ਔਖਾ ਹੈ ,
ਕਿੰਨਾ ਸੌਖਾ ਹੁੰਦਾ ਲੋਕਾਂ ਲਈ, ਮਜ਼ਾਕ ਨਾਲ ਕਹਿ ਦੇਣਾ,
ਅੰਨ੍ਹਾ,ਕਾਣਾ, ਲੰਗੜ੍ਹਾ ਕਹਿ, ਇੱਕ ਰਗ ਨੂੰ ਵਧਾ ਦੇਣਾ,
ਮੱਲ੍ਹਮਾਂ ਦੀ ਥਾਂ ਤੇ ਰਹਿੰਦੇ, ਨਿੱਤ ਜ਼ਖ਼ਮ ਉਧੇੜ ਦੇ,
ਕੰਡੇ ਕਿਉਂ ਵਿਛਾਉਂਦੇ ਰਾਹੀਂ, ਜ਼ਿੰਦਗੀ ਹਨੇਰ ਦੇ ,
ਸੋਚਿਆ ਕਦੇ ਕੀ ਸਾਡੇ ਦਿਲ ਤੇ ਹੋਊ ਬੀਤ ਦੀ,
ਕੌੜਿਆਂ ਬੋਲਾਂ ਨਾਲ ਸਾਡੀ, ਰੂਹ ਕਿਵੇਂ ਚੀਕਦੀ,
ਨਫ਼ਰਤ ਨਹੀਂ ਮੰਗਦੇ, ਪਿਆਰ ਥੋੜ੍ਹਾ ਦੇ ਦਿਓ
ਪ੍ਰਿੰਸ ਦੀ ਝੋਲੀ ਵਿੱਚ,ਲੱਪ ਖੁਸ਼ੀਆਂ ਦੀ ਪਾ ਦਿਓ,



ਰਣਬੀਰ ਸਿੰਘ ਪ੍ਰਿੰਸ
# 37/1 ਆਫ਼ਿਸਰ ਕਾਲੋਨੀ
ਬਲਾਕ ਡੀ-1 ਸੰਗਰੂਰ
9872299613







